

# IWAY

## ਮਿਆਰ

ਇਹ ਦਸਤਾਵੇਜ਼ IWAY ਮਿਆਰ ਆਮ ਭਾਗ, ਸੰਸਕਰਣ 6.0 ਦਾ ਅਨੁਵਾਦ ਹੈ। ਇਹ ਅਨੁਵਾਦ ਸਿਰਫ ਜਾਣਕਾਰੀ ਦੇ ਉਦੇਸ਼ਾਂ ਲਈ ਹੈ ਅਤੇ ਇਸ ਨੂੰ ਇਕਰਾਰਨਾਮਾ ਦਸਤਾਵੇਜ਼ ਵਜੋਂ ਨਹੀਂ ਦੇਖਿਆ ਜਾ ਸਕਦਾ। ਅੰਗਰੇਜ਼ੀ ਸੰਸਕਰਣ ਇੱਕੋ-ਇੱਕ ਅਧਿਕਾਰਤ ਦਸਤਾਵੇਜ਼ ਹੈ ਅਤੇ ਵਿਆਖਿਆ ਵਿੱਚ ਅੰਤਰ, ਵਿਵਾਦ ਅਤੇ ਹੋਰ ਅਸਹਿਮਤੀਆਂ ਦੇ ਮਾਮਲੇ ਵਿੱਚ ਉਸਦਾ ਹੀ ਹਵਾਲਾ ਲਿਆ ਜਾਣਾ ਚਾਹੀਦਾ ਹੈ।

**ਉਤਪਾਦਾਂ, ਸੇਵਾਵਾਂ, ਸਮੱਗਰੀ ਅਤੇ ਪੁਰਜਿਆਂ ਨੂੰ ਜ਼ਿੰਮੇਵਾਰੀ ਨਾਲ ਖਰੀਦਣ ਦਾ *IKEA* (ਆਈਕਿਆ) ਦਾ ਤਰੀਕਾ**

IWAY (ਆਈਵੇਅ) ਮਿਆਰ ਸੰਸਕਰਣ 6.0 ਪ੍ਰਕਾਸ਼ਿਤ ਸਤੰਬਰ 2019 Inter IKEA Systems B.V.
(ਇੰਟਰ ਆਈਕਿਆ ਸਿਸਟਮਜ਼ ਬੀ.ਵੀ.) 2019



# ਸਮੱਗਰੀ


**ਜਾਣ-ਪਛਾਣ** ਪੰਨਾ. 3

**IWAY ਸਿਧਾਂਤ** ਪੰਨਾ. 9

**ਆਮ ਭਾਗ** ਪੰਨਾ. 10
*(ਸਾਰੇ ਸਪਲਾਇਰਾਂ ਲਈ ਜ਼ਰੂਰਤਾਂ)*

**ਵਾਧੂ ਭਾਗ**
*(ਸਪਲਾਇਰ ਲਈ ਖਾਸ ਲੋੜਾਂ ਵੱਖਰੇ ਦਸਤਾਵੇਜ਼ਾਂ ਵਜੋਂ ਉਪਲਬਧ ਹਨ)*

- ਰਿਹਾਇਸ਼ ਭਾਗ
- ਜਾਨਵਰ ਭਲਾਈ ਭਾਗ
- ਵਣ ਭਾਗ
- ਟ੍ਰਾਂਸਪੋਰਟ ਭਾਗ



# IKEA ਦਾ ਦੂਰਦ੍ਰਿਸ਼ਟੀ ਬਹੁਤ ਸਾਰੇ ਲੋਕਾਂ ਲਈ ਬਿਹਤਰ ਰੋਜ਼ਾਨਾ ਜੀਵਨ ਤਿਆਰ ਕਰਨਾ ਹੈ

**ਇਸ ਦਸਤਾਵੇਜ਼ ਦੇ ਉਦੇਸ਼ ਲਈ, "ਸਾਡਾ" ਮਤਲਬ IKEA ਬ੍ਰਾਂਡ ਦੇ ਅਧੀਨ ਕੰਮ ਕਰਨ ਵਾਲੀਆਂ ਸਾਰੀਆਂ ਕੰਪਨੀਆਂ, ਅਤੇ "ਤੁਸੀਂ" ਦਾ ਮਤਲਬ ਹੈ ਕਿਸੇ ਵੀ IKEA ਕੰਪਨੀ ਦਾ ਕੋਈ ਵੀ *ਸਪਲਾਇਰ*।**

**ਅਸੀਂ ("IKEA") *ਸਪਲਾਇਰਾਂ*, ਸੇਵਾ ਪ੍ਰਦਾਤਾਵਾਂ ਅਤੇ ਹੋਰ ਠੇਕੇਦਾਰੀ ਧਿਰਾਂ (ਇਸ ਤੋਂ ਬਾਅਦ, "*ਸਪਲਾਇਰ*") ਨਾਲ ਲੰਬੇ ਸਮੇਂ ਦੇ ਸੰਬੰਧ ਬਣਾਉਣਾ ਚਾਹੁੰਦੇ ਹਾਂ ਜੋ ਸਾਡੀ ਦੂਰਦ੍ਰਿਸ਼ਟੀ ਨਾਲ ਸਹਿਮਤ ਹੁੰਦੇ ਹਨ। ਇਹੀ ਕਾਰਨ ਹੈ ਕਿ ਅਸੀਂ ਉਤਪਾਦਾਂ, ਸੇਵਾਵਾਂ, ਸਮੱਗਰੀ ਅਤੇ ਪੁਰਜਿਆਂ ਨੂੰ ਜ਼ਿੰਮੇਵਾਰੀ ਨਾਲ ਖਰੀਦਣ ਦਾ IKEA ਦਾ ਤਰੀਕਾ ਤਿਆਰ ਕੀਤਾ ਹੈ।**

IWAY ਪਰਿਭਾਸ਼ਿਤ ਕਰਦਾ ਹੈ ਕਿ ਅਸੀਂ *IKEA ਵੈਲਯੂ ਚੇਨ* ਵਿੱਚ ਲੋਕਾਂ, ਗ੍ਰਹਿ ਅਤੇ ਜਾਨਵਰਾਂ ਦੀ ਦੇਖਭਾਲ ਕਰਦੇ ਸਮੇਂ, *ਸਪਲਾਇਰ* ਵਜੋਂ ਤੁਹਾਡੇ ਤੋਂ ਕੀ ਉਮੀਦ ਕਰਦੇ ਹਾਂ।

IWAY ਦੇ ਨਾਲ ਕੰਮ ਕਰਨ ਦੇ ਸਾਡੇ ਤਜਰਬੇ ਨੇ ਸਾਨੂੰ ਦਿਖਾਇਆ ਹੈ ਕਿ ਜਦੋਂ ਲੋਕਾਂ, ਗ੍ਰਹਿ ਅਤੇ ਜਾਨਵਰਾਂ ਨਾਲ ਸਤਿਕਾਰ ਨਾਲ ਵਿਹਾਰ ਕੀਤਾ ਜਾਂਦਾ ਹੈ, ਤਾਂ *ਕਰਮਚਾਰੀ* ਵਧੇਰੇ ਉਤਪਾਦਕ ਹੁੰਦੇ ਹਨ, ਸਰੋਤਾਂ ਦੀ ਵਧੇਰੇ ਕੁਸ਼ਲਤਾ ਨਾਲ ਵਰਤੋਂ ਕੀਤੀ ਜਾਂਦੀ ਹੈ, ਅਤੇ ਵਪਾਰ ਵਧਦਾ ਹੈ। ਸਾਡੇ ਗਾਹਕਾਂ ਨੂੰ ਵੀ ਲਾਭ ਹੁੰਦਾ ਹੈ - ਇਹ ਜਾਣਦੇ ਹੋਏ ਕਿ IKEA ਦੁਆਰਾ ਵੇਚੀਆਂ ਜਾਂਦੀਆਂ ਸਾਰੀਆਂ ਚੀਜ਼ਾਂ ਜ਼ਿੰਮੇਵਾਰੀ ਨਾਲ ਤਿਆਰ ਕੀਤੀਆਂ ਜਾਂਦੀਆਂ ਹਨ, ਭੇਜੀਆਂ ਜਾਂਦੀਆਂ ਹਨ, ਪਹੁੰਚਾਈਆਂ ਜਾਂਦੀਆਂ ਹਨ ਅਤੇ ਇਕੱਤਰ ਕੀਤੀਆਂ ਜਾਂਦੀਆਂ ਹਨ ਅਤੇ ਸਾਡੇ ਸਟੋਰਾਂ ਦੇ *ਸਪਲਾਇਰ*, ਗਾਹਕ ਟੱਚ ਪੁਆਇੰਟ ਅਤੇ ਉਤਪਾਦਨ ਸਾਈਟਾਂ ਚੰਗੀਆਂ ਸਮਾਜਿਕ, ਵਾਤਾਵਰਣਕ ਅਤੇ ਜਾਨਵਰ ਭਲਾਈ ਸਥਿਤੀਆਂ ਬਣਾ ਕੇ ਰੱਖਦੇ ਹਨ।

IWAY ਨਾਲ ਕੰਮ ਕਰਦੇ ਹੋਏ, ਹੇਠਾਂ ਦਿੱਤੇ ਪ੍ਰਸ਼ਨ ਨਿਰੰਤਰ ਸਾਡੀ ਅਗਵਾਈ ਕਰਦੇ ਹਨ:












# ਅਸੀਂ IKEA ਵੈਲਯੂ ਚੇਨ ਦੇ ਸਾਰੇ ਪੜਾਵਾਂ 'ਤੇ ਜ਼ਿੰਮੇਵਾਰ ਖਰੀਦ ਦੇ ਸਿਧਾਂਤਾਂ ਦਾ ਸਮਰਥਨ ਕਰਨ *ਲਈ ਦ੍ਰਿੜ ਹਾਂ*

IWAY ਨੂੰ ਪੂਰਾ ਕਰਨ ਲਈ ਵਚਨਬੱਧਤਾ ਨਾਲ, ਤੁਹਾਡੇ ਤੋਂ ਹੇਠ ਲਿਖਿਆਂ ਨੂੰ ਪੱਕਾ ਕਰਨ ਦੀ ਉਮੀਦ ਕੀਤੀ ਜਾਂਦੀ ਹੈ:

**ਜ਼ਿੰਮੇਵਾਰੀ**
ਤੁਸੀਂ ਹਰ ਸਮੇਂ ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਦੇ ਨਾਲ-ਨਾਲ IWAY ਮਿਆਰਾਂ ਵਿੱਚ ਦਰਸਾਏ ਸਾਰੇ IWAY ਲਾਜ਼ਮੀ ਅਤੇ IWAY *ਬੁਨਿਆਦੀ* ਜ਼ਰੂਰਤਾਂ ਦੀ ਪਾਲਣਾ ਕਰਨ ਲਈ ਜ਼ਿੰਮੇਵਾਰ ਹੋ।

**ਖੁੱਲਾਪਣ**
ਤੁਸੀਂ ਉਹਨਾਂ ਖੇਤਰਾਂ ਬਾਰੇ ਖੁੱਲੇ ਅਤੇ ਇਮਾਨਦਾਰ ਹੋ ਜਿਨ੍ਹਾਂ ਵਿੱਚ ਸੁਧਾਰ ਦੀ ਲੋੜ ਹੈ।

**ਨਿਰੰਤਰ ਸੁਧਾਰ**
ਅਸੀਂ IWAY ਮਿਆਰ ਨੂੰ ਲਾਗੂ ਕਰਨ ਲਈ ਲੋੜੀਂਦੇ ਸਮੇਂ ਅਤੇ ਮਿਹਨਤ ਨੂੰ ਪਛਾਣਦੇ ਹਾਂ ਅਤੇ ਤੁਹਾਨੂੰ ਪ੍ਰਦਰਸ਼ਨ ਨੂੰ ਮਜ਼ਬੂਤ ਕਰਨ ਅਤੇ IWAY *ਬੁਨਿਆਦੀ* ਲੋੜਾਂ ਤੋਂ ਅੱਗੇ ਤੱਕ ਜਾਣ ਲਈ ਨਿਰੰਤਰ ਸੁਧਾਰ ਮਾਨਸਿਕਤਾ ਨੂੰ ਅਪਣਾਉਣ ਵਾਸਤੇ ਉਤਸ਼ਾਹਿਤ ਕਰਦੇ ਹਾਂ।



# ਅਸੀਂ ਜਾਣਦੇ ਹਾਂ ਕਿ ਸਾਡੇ ਕੰਮਾਂ ਨਾਲ ਫਰਕ ਵੀ ਪੈਂਦਾ ਹੈ

ਅਸੀਂ ਇਸ ਬਾਰੇ ਇੱਕ ਨਿਰਪੱਖ ਅਤੇ ਖੁੱਲ੍ਹੀ ਪਹੁੰਚ ਅਪਣਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਅਸੀਂ ਤੁਹਾਡੇ ਨਾਲ ਕਿਵੇਂ ਕੰਮ ਕਰਦੇ ਹਾਂ। ਇਸਦਾ ਅਰਥ ਹੈ ਕਿ:

**ਸੇਧ ਵਿੱਚ ਲਿਆਉਣਾ**
ਸਾਡਾ ਉਦੇਸ਼ ਅੰਦਰੂਨੀ ਤੌਰ 'ਤੇ ਉਹੀ ਉਮੀਦਾਂ 'ਤੇ ਖਰਾ ਉਤਰਨਾ ਹੈ ਜੋ ਅਸੀਂ ਤੁਹਾਡੇ ਤੋਂ ਚਾਹੁੰਦੇ ਹਾਂ।

**ਸੰਵਾਦ**
ਅਸੀਂ ਆਪਣੇ ਸਾਰੇਸਪਲਾਇਰਾਂ ਨਾਲ ਸੰਚਾਰ ਦੀਆਂ ਖੁੱਲੀਆਂ ਲਾਈਨਾਂ ਬਣਾ ਕੇ ਰੱਖਦੇ ਹਾਂ ਅਤੇ ਸਾਡੀ ਕਾਰਗੁਜ਼ਾਰੀ ਅਤੇ ਵਿਵਹਾਰ ਬਾਰੇ ਤੁਹਾਡੀ ਕਿਸੇ ਵੀ ਫੀਡਬੈਕ ਦਾ ਸੁਆਗਤ ਕਰਦੇ ਹਾਂ।

**ਸਹਾਇਤਾ**
ਜਿੱਥੇ ਵੀ ਸੰਭਵ ਹੋਵੇ, ਅਸੀਂ ਤੁਹਾਡੀਆਂ ਆਪਣੀਆਂ ਖੁਦ ਦੀਆਂ ਪ੍ਰਕਿਰਿਆਵਾਂ ਵਿਕਸਿਤ ਕਰਨ, ਉਹਨਾਂ ਨੂੰ ਤੁਹਾਡੇ ਕੰਮਾਂ ਦੇ ਅਨੁਸਾਰ ਢਾਲਣ ਤੁਹਾਡੀ ਸਹਾਇਤਾ ਕਰਨ ਲਈ ਤੁਹਾਨੂੰ ਵਿਹਾਰਕ ਸਹਾਇਤਾ ਮੁਹੱਈਆ ਕਰਦੇ ਹਾਂ, ਤਾਂ ਜੋ ਤੁਸੀਂ IWAY ਮਿਆਰ ਨੂੰ ਪੂਰਾ ਕਰ ਸਕੋ ਅਤੇ ਇਸਦੇ ਅਨੁਕੂਲ ਨਿਰੰਤਰ ਸੁਧਾਰ ਸਕੋ।



# IWAY ਦੇ ਸਿਧਾਂਤ ਅਤੇ ਜ਼ਰੂਰਤਾਂ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਮਿਆਰਾਂ ਅਤੇ ਸਿਧਾਂਤਾਂ 'ਤੇ ਅਧਾਰਤ ਹਨ

ਇਹ ਵਪਾਰ ਅਤੇ ਮਨੁੱਖੀ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਮਾਰਗ-ਨਿਰਦੇਸ਼ਕ ਸਿਧਾਂਤਾਂ (UNGPs) ਪ੍ਰਤੀ ਸਾਡੀ ਵਚਨਬੱਧਤਾ ਨੂੰ ਪ੍ਰਦਰਸ਼ਿਤ ਕਰਦੇ ਹਨ ਅਤੇ ਸੰਯੁਕਤ ਰਾਸ਼ਟਰ ਗਲੋਬਲ ਸੰਧੀ ਦੇ ਦਸ ਸਿਧਾਂਤਾਂ 'ਤੇ ਅਧਾਰਤ ਹਨ। ਸਾਡੀਆਂ ਜ਼ਰੂਰਤਾਂ ਵਿਕਸਤ ਕਰਨ ਵੇਲੇ, ਸਾਨੂੰ ਸੰਯੁਕਤ ਰਾਸ਼ਟਰ ਦੇ ਸਥਿਰ ਵਿਕਾਸ ਟੀਚਿਆਂ (SDGs) ਅਤੇ ਕੰਮ ਦੇ ਭਵਿੱਖ ਲਈ ILO ਸ਼ਤਾਬਦੀ ਘੋਸ਼ਣਾ ਤੋਂ ਵੀ ਸੇਧ ਮਿਲਦੀ ਹੈ।

IWAY ਦੀ ਬਣਤਰ ਹੇਠਾਂ ਲਿਖੇ ਦੇ ਅਨੁਸਾਰ ਹੈ:

**ਸਿਧਾਂਤ**
ਸਿਧਾਂਤ ਜ਼ਿੰਮੇਵਾਰੀ ਨਾਲ ਉਤਪਾਦਾਂ, ਸੇਵਾਵਾਂ, ਸਮੱਗਰੀ ਅਤੇ ਪੁਰਜ਼ਿਆਂ ਦੀ ਖਰੀਦ ਬਾਰੇ IKEA ਦੇ ਨਜ਼ਰੀਏ ਨੂੰ ਪਰਿਭਾਸ਼ਿਤ ਕਰਦੇ ਹਨ।

**ਭਾਗ**
ਭਾਗ IWAY ਦੀਆਂ ਜਰੂਰਤਾਂ ਨੂੰ ਸਮੂਹਬੱਦ ਕਰਦੇ ਹਨ ਅਤੇ *ਸਪਲਾਇਰਾਂ* ਦੀਆਂ ਗਤੀਵਿਧੀਆਂ ਜਾਂ ਸੈਟਅਪਾਂ ਦੇ ਅਧਾਰ 'ਤੇ ਲਾਗੂ ਹੁੰਦੇ ਹਨ।

**IWAY ਜ਼ਰੂਰਤਾਂ**

**ਲਾਜ਼ਮੀ (MUST)**

ਜ਼ਰੂਰਤਾਂ ਜੋ ਕਾਰੋਬਾਰ ਕਰਨ ਵੇਲੇ ਹਰ ਸਮੇਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ।

**ਬੁਨਿਆਦੀ (BASIC)**

ਜ਼ਰੂਰਤਾਂ ਜਿਹਨਾਂ ਨੂੰ ਪਹਿਲੀ ਡਿਲਿਵਰੀ ਜਾਂ ਸੇਵਾ ਦੇ 12 ਮਹੀਨਿਆਂ ਦੇ ਅੰਦਰ ਪੂਰਾ ਕੀਤਾ ਜਾਣਾ ਚਾਹੀਦਾ ਹੈ।

**ਅਗਾਊਂ (ADVANCED)**

ਜ਼ਰੂਰਤਾਂ ਜੋ ਘੱਟੋ-ਘੱਟ ਪਾਲਣਾ ਤੋਂ ਅੱਗੇ ਤੱਕ ਜਾਂਦੀਆਂ ਹਨ ਅਤੇ ਵਧੇਰੇ ਟਿਕਾਊ ਵਿਧੀਆਂ ਲਈ ਵਾਧੂ ਕਦਮਾਂ ਨੂੰ ਪਰਿਭਾਸ਼ਿਤ ਕਰਦੀਆਂ ਹਨ।
ਸੰਬੰਧਿਤ IKEA ਸੰਗਠਨ ਦੁਆਰਾ ਨਿਰਧਾਰਤ ਕੀਤੀਆਂ ਤਰਜੀਹਾਂ ਦੇ ਅਧਾਰ 'ਤੇ ਇਹ ਲਾਗੂ ਹੋ ਵੀ ਸਕਦੇ ਹਨ ਅਤੇ ਨਹੀਂ ਵੀ ਹੋ ਸਕਦੇ ਹਨ।

**ਸ੍ਰੇਸ਼ਠ (EXCELLENT)**

ਜ਼ਰੂਰਤਾਂ ਜੋ ਘੱਟੋ-ਘੱਟ ਪਾਲਣਾ ਤੋਂ ਅੱਗੇ ਤੱਕ ਜਾਂਦੀਆਂ ਹਨ ਅਤੇ ਵਧੇਰੇ ਟਿਕਾਊ ਵਿਧੀਆਂ ਲਈ ਵਾਧੂ ਕਦਮਾਂ ਨੂੰ ਪਰਿਭਾਸ਼ਿਤ ਕਰਦੀਆਂ ਹਨ।
ਸੰਬੰਧਿਤ IKEA ਸੰਗਠਨ ਦੁਆਰਾ ਨਿਰਧਾਰਤ ਕੀਤੀਆਂ ਤਰਜੀਹਾਂ ਦੇ ਅਧਾਰ 'ਤੇ ਇਹ ਲਾਗੂ ਹੋ ਵੀ ਸਕਦੇ ਹਨ ਅਤੇ ਨਹੀਂ ਵੀ ਹੋ ਸਕਦੇ ਹਨ।

ਸਭ ਤੋਂ ਵੱਧ ਮੰਗਾਂ ਦੀ ਹਮੇਸ਼ਾਂ ਪਾਲਣਾ ਕੀਤੀ ਜਾਂਦੀ ਹੈ, ਭਾਵੇਂ ਉਹ ਕਾਨੂੰਨੀ ਹੋਣ ਜਾਂ IWAY ਜ਼ਰੂਰਤਾਂ ਹੋਣ। ਜੇ IWAY ਦੀਆਂ ਸ਼ਰਤਾਂ ਲਾਗੂ ਕਾਨੂੰਨਾਂ ਜਾਂ ਨਿਯਮਾਂ ਦਾ ਵਿਰੋਧ ਕਰਦੀਆਂ ਹਨ, ਤਾਂ ਕਾਨੂੰਨ ਦੀ ਪਾਲਣਾ ਕੀਤੀ ਜਾਂਦੀ ਹੈ ਅਤੇ ਭਾਰੂ ਹੁੰਦੀ ਹੈ। ਅਜਿਹੇ ਮਾਮਲਿਆਂ ਵਿੱਚ, IKEA ਨੂੰ ਤੁਰੰਤ ਸੂਚਿਤ ਕੀਤਾ ਜਾਂਦਾ ਹੈ ਅਤੇ IWAY ਜ਼ਰੂਰਤ ਦਾ ਸਤਿਕਾਰ ਕਰਨ ਲਈ ਵਿਕਲਪਕ ਤਰੀਕਿਆਂ ਦੀ ਭਾਲ ਕੀਤੀ ਜਾਂਦੀ ਹੈ।

**ਅਸੀਂ ਲੋੜਾਂ ਅਤੇ ਕੰਮ ਕਰਨ ਦੇ ਤਰੀਕਿਆਂ ਨਾਲ ਮੇਲ ਖਾਂਦੀਆਂ ਕੋਸ਼ਿਸ਼ਾਂ ਨੂੰ ਉਤਸ਼ਾਹਿਤ ਕਰਦੇ ਹਾਂ**

IKEA ਪਛਾਣਦੀ ਹੈ ਕਿ *ਸਪਲਾਇਰ* ਦਾ ਆਪਣਾ ਵਿਹਾਰ ਦਾ ਜ਼ਾਬਤਾ ਹੋ ਸਕਦਾ ਹੈ, ਉਹ ਕਿਸੇ ਹੋਰ ਖਰੀਦਦਾਰ ਦੇ ਵਿਹਾਰ ਦੇ ਜ਼ਾਬਤੇ ਨਾਲ ਕੰਮ ਕਰ ਸਕਦਾ ਹੈ ਜਾਂ ਇੱਕ ਟਿਕਾਊਪੁਣਾ ਯੋਜਨਾ ਦੇ ਅਨੁਸਾਰ ਪ੍ਰਮਾਣਿਤ ਕੀਤਾ ਗਿਆ ਹੋ ਸਕਦਾ ਹੈ ਜੋ IWAY ਨਾਲ ਤੁਲਨਾਯੋਗ ਹੈ। IKEA IWAY ਲੋੜਾਂ ਨੂੰ ਲਾਗੂ ਕਰਨ ਲਈ ਵਿਕਲਪਿਕ ਪਹੁੰਚਾਂ ਦਾ ਸਮਰਥਨ ਕਰਦੀ ਹੈ। IKEA ਇਹ ਫੈਸਲਾ ਕਰਨ ਦਾ ਅਧਿਕਾਰ ਰਾਖਵਾਂ ਰੱਖਦੀ ਹੈ ਕਿ ਕੀ ਇਸ ਤਰ੍ਹਾਂ ਦੇ ਤਰੀਕੇ ਬਰਾਬਰ ਦੇ ਹਨ।

**IWAY ਨੂੰ ਸਫਲਤਾਪੂਰਵਕ ਲਾਗੂ ਕਰਨਾ ਸਹਿਯੋਗ, ਆਪਸੀ ਵਿਸ਼ਵਾਸ ਅਤੇ ਸਤਿਕਾਰ 'ਤੇ ਨਿਰਭਰ ਕਰਦਾ ਹੈ**

ਤੁਹਾਡੇ ਤੋਂ ਪ੍ਰਾਪਤ ਹੋਈਆਂ ਸਾਰੀਆਂ ਨਿਗਰਾਨੀਆਂ, ਵਿਚਾਰ ਵਟਾਂਦਰੇ ਅਤੇ ਜਾਣਕਾਰੀ ਨਾਲ IKEA, ਇਸਦੇ ਸਹਿਕਰਮੀਆਂ ਅਤੇ IKEA ਦੁਆਰਾ ਨਿਯੁਕਤ ਕਿਸੇ ਵੀ ਤੀਜੀ ਧਿਰ ਸੰਸਥਾ ਦੁਆਰਾ ਗੁਪਤ ਤਰੀਕੇ ਨਾਲ ਵਿਹਾਰ ਕੀਤਾ ਜਾਂਦਾ ਹੈ। IWAY ਦੇ ਸੰਬੰਧ ਵਿੱਚ ਇਕੱਠੇ ਕੀਤੇ ਕਿਸੇ ਵੀ ਡੇਟਾ ਨੂੰ ਸਤਿਕਾਰ ਨਾਲ ਅਤੇ IWAY ਦੀ ਪਾਲਣਾ ਦੀ ਪੁਸ਼ਟੀ ਕਰਨ ਦੇ ਇੱਕੋ-ਇੱਕ ਉਦੇਸ਼ ਲਈ ਵਰਤਿਆ ਜਾਂਦਾ ਹੈ।

**IWAY ਮਿਆਰ ਦੀ ਅਧਿਕਾਰਤ ਭਾਸ਼ਾ ਅੰਗਰੇਜ਼ੀ ਹੈ**

IWAY ਮਿਆਰ ਦੇ ਅਨੁਵਾਦ ਸਿਰਫ ਜਾਣਕਾਰੀ ਦੇ ਉਦੇਸ਼ਾਂ ਲਈ ਮੁਹੱਈਆ ਕੀਤੇ ਜਾਂਦੇ ਹਨ, ਅਤੇ ਉਹਨਾਂ 'ਤੇ ਇਕਰਾਰਨਾਮੇ ਸੰਬੰਧੀ ਦਸਤਾਵੇਜ਼ਾਂ ਵਜੋਂ ਭਰੋਸਾ ਨਹੀਂ ਕੀਤਾ ਜਾ ਸਕਦਾ। ਅੰਗ੍ਰੇਜ਼ੀ ਸੰਸਕਰਣ ਇੱਕੋ-ਇੱਕ ਇਕਰਾਰਨਾਮਾ ਦਸਤਾਵੇਜ਼ ਹੈ ਅਤੇ ਅਸਪਸ਼ਟਤਾ ਜਾਂ ਅਸਫਲਤਾ ਦੇ ਮਾਮਲੇ ਵਿੱਚ ਪ੍ਰਬਲ ਹੋਵੇਗਾ।

**ਸ਼ਬਦਾਵਲੀ**

*ਟੇਢੇ ਅੱਖਰਾਂ* ਵਾਲੇ ਸ਼ਬਦ ਸ਼ਬਦਾਵਲੀ ਵਿੱਚ ਪਰਿਭਾਸ਼ਿਤ ਕੀਤੇ ਗਏ ਹਨ।



# IWAY ਸਿਧਾਂਤ

## 1

IWAY ਸਿਧਾਂਤ ਪ੍ਰਭਾਵਸ਼ਾਲੀ ਰੁਟੀਨਾਂ ਅਤੇ ਖੁੱਲੇ ਸੰਵਾਦ ਦੁਆਰਾ ਸਮਰਥਿਤ ਹਨ

## 2

ਵਪਾਰ ਕਾਨੂੰਨੀ ਤੌਰ 'ਤੇ ਅਤੇ ਅਖੰਡਤਾ ਨਾਲ ਚਲਾਇਆ ਜਾਂਦਾ ਹੈ

## 3

ਬੱਚਿਆਂ ਨੂੰ ਦੀ ਰੱਖਿਆ ਕੀਤੀ ਜਾਂਦੀ ਹੈ ਅਤੇ ਸਿੱਖਣ ਅਤੇ ਪਰਿਵਾਰਕ ਜੀਵਨ ਦੇ ਮੌਕਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ

## 4

ਬੁਨਿਆਦੀ ਮਜ਼ਦੂਰ ਅਧਿਕਾਰਾਂ ਦਾ ਸਨਮਾਨ ਕੀਤਾ ਜਾਂਦਾ ਹੈ

## 5

ਕਰਮਚਾਰੀਆਂ ਨੂੰਕੰਮ ਤੋਂ ਛੁੱਟੀ ਮਿਲਦੀ ਹੈ, ਉਹਨਾਂ ਨੂੰ ਜ਼ਿੰਮੇਵਾਰੀ ਨਾਲ ਭੁਗਤਾਨ ਕੀਤਾ ਜਾਂਦਾ ਹੈ ਅਤੇ ਸਮਰੱਥਾ ਵਿਕਸਿਤ ਕਰਨ ਲਈ ਮੌਕੇ ਦਿੱਤੇ ਜਾਂਦੇ ਹਨ

## 6

ਕਰਮਚਾਰੀਆਂ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕੀਤੀ ਜਾਂਦੀ ਹੈ

## 7

ਕੰਮ ਕਰਨ ਅਤੇ ਰਹਿਣ ਦੇ ਹਾਲਾਤ ਢੁਕਵੇਂ ਹਨ

## 8

ਗ੍ਰਹਿ ਦੀ ਰੱਖਿਆ ਕੀਤੀ ਜਾਂਦੀ ਹੈ

## 9

ਪਾਣੀ ਅਤੇ ਕੂੜੇ ਸਮੇਤ, ਸਰੋਤਾਂ ਨੂੰ ਇੱਕ ਟਿਕਾਊ ਅਤੇ ਚੱਕਰਦਾਰ ਤਰੀਕੇ ਨਾਲ ਪ੍ਰਬੰਧਿਤ ਕੀਤਾ ਜਾਂਦਾ ਹੈ

## 10

ਜਾਨਵਰ ਚੰਗਾ ਜੀਵਨ ਜਿਉਂਦੇ ਹਨ



## IWAY ਮਿਆਰ

# ਆਮ ਭਾਗ

*ਸਾਰੇ ਸਪਲਾਇਰਾਂ ਲਈ ਜ਼ਰੂਰਤਾਂ*

ਇਹ ਦਸਤਾਵੇਜ਼ IWAY ਮਿਆਰ ਆਮ ਭਾਗ, ਸੰਸਕਰਣ 6.0 ਦਾ ਅਨੁਵਾਦ ਹੈ। ਇਹ ਅਨੁਵਾਦ ਸਿਰਫ ਜਾਣਕਾਰੀ ਦੇ ਉਦੇਸ਼ਾਂ ਲਈ ਹੈ ਅਤੇ ਇਸ ਨੂੰ ਇਕਰਾਰਨਾਮਾ ਦਸਤਾਵੇਜ਼ ਵਜੋਂ ਨਹੀਂ ਦੇਖਿਆ ਜਾ ਸਕਦਾ। ਅੰਗਰੇਜ਼ੀ ਸੰਸਕਰਣ ਇੱਕੋ-ਇੱਕ ਅਧਿਕਾਰਤ ਦਸਤਾਵੇਜ਼ ਹੈ ਅਤੇ ਵਿਆਖਿਆ ਵਿੱਚ ਅੰਤਰ, ਵਿਵਾਦ ਅਤੇ ਹੋਰ ਅਸਹਿਮਤੀਆਂ ਦੇ ਮਾਮਲੇ ਵਿੱਚ ਉਸਦਾ ਹੀ ਹਵਾਲਾ ਲਿਆ ਜਾਣਾ ਚਾਹੀਦਾ ਹੈ।

**ਸੰਸਕਰਨ 6.0 ਪ੍ਰਕਾਸ਼ਿਤ ਸਤੰਬਰ 2019 - © Inter IKEA Systems B.V. 2019**

# 1 IWAY ਸਿਧਾਂਤਾਂ ਨੂੰ ਪ੍ਰਭਾਵਸ਼ਾਲੀ ਰੁਟੀਨਾਂ ਅਤੇ ਖੁੱਲ੍ਹੇ ਸੰਵਾਦ ਦੁਆਰਾ ਸਮਰਥਿਤ ਕੀਤਾ ਜਾਂਦਾ ਹੈ

## ਕਾਰਗੁਜ਼ਾਰੀ ਪ੍ਰਬੰਧਨ

ਬੁਨਿਆਦੀ (BASIC)

G 1.1 IWAY ਨਾਲ ਸੰਬੰਧਿਤ ਜਵਾਬਦੇਹੀ ਅਤੇ ਜ਼ਿੰਮੇਵਾਰੀ ਇੱਕ ਜਾਂ ਵਧੇਰੇ ਪ੍ਰਬੰਧਨ-ਪੱਧਰ ਦੇ ਨੁਮਾਇੰਦਿਆਂ ਨੂੰ ਦਿੱਤੀ ਗਈ ਹੈ।

G 1.2 IWAY ਦੀਆਂ ਜ਼ਰੂਰਤਾਂ ਦੀ ਪਾਲਣਾ ਦਾ ਮੁਲਾਂਕਣ ਕਰਨ ਲਈ ਅੰਦਰੂਨੀ ਆਡਿਟ ਹਰ 12 ਮਹੀਨਿਆਂ ਵਿੱਚ ਘੱਟੋ-ਘੱਟ ਇੱਕ ਵਾਰ ਕਰਵਾਇਆ ਜਾਂਦਾ ਹੈ।

ਅਗਾਊਂ (ADVANCED)

G 1.3 IWAY ਨੂੰ ਕਵਰ ਕਰਨ ਵਾਲੀ ਲਿਖਤੀ ਨੀਤੀ ਅਤੇ ਰੁਟੀਨ ਸਥਾਪਿਤ ਹਨ।

G 1.4 IWAY ਨਾਲ ਸੰਬੰਧਿਤ ਪ੍ਰਦਰਸ਼ਨ ਨੂੰ ਮਾਪਣ ਅਤੇ ਬਿਹਤਰ ਬਣਾਉਣ ਲਈ ਸੰਕੇਤਕ ਅਤੇ ਯੋਜਨਾਵਾਂ ਸਥਾਪਿਤ ਹਨ।

## ਸਪਲਾਈ ਚੇਨ ਪ੍ਰਬੰਧਨ

ਬੁਨਿਆਦੀ (BASIC)

G 1.5 *IKEA ਵੈਲਯੂ ਚੇਨ*ਵਿਚਲੇ ਉਤਪਾਦਾਂ, ਸੇਵਾਵਾਂ, ਸਮੱਗਰੀ ਜਾਂ ਪੁਰਜਿਆਂ ਦੇ *ਉਪ-ਠੇਕੇਦਾਰਾਂ* ਨੂੰ IKEA ਸੰਗਠਨ ਦੇ ਵੇਰਵਿਆਂ ਦੇ ਅਨੁਸਾਰ ਮੈਪ ਕੀਤਾ ਜਾਂਦਾ ਹੈ।

G 1.6 IWAY ਨੂੰ IKEA ਸੰਗਠਨ ਦੇ ਵੇਰਵਿਆਂ ਦੇ ਅਨੁਸਾਰ *IKEA ਵੈਲਯੂ ਚੇਨ* ਵਿੱਚ ਉਤਪਾਦਾਂ, ਸੇਵਾਵਾਂ, ਸਮੱਗਰੀ ਜਾਂ ਹਿੱਸਿਆਂ ਦੇ *ਉਪ-ਠੇਕੇਦਾਰਾਂ* 'ਤੇ ਲਾਗੂ ਅਤੇ ਤਸਦੀਕ ਕੀਤਾ ਜਾਂਦਾ ਹੈ।

ਸ੍ਰੇਸ਼ਠ (EXCELLENT)

G 1.7 *IKEA ਵੈਲਯੂ ਚੇਨ* ਵਿੱਚ ਸਮਾਜਿਕ ਅਤੇ ਵਾਤਾਵਰਣ ਦੇ ਜੋਖਮਾਂ ਦੀ ਪਛਾਣ ਕੀਤੀ ਜਾਂਦੀ ਹੈ ਅਤੇ ਉਹਨਾਂ ਨੂੰ ਘਟਾਉਣ ਲਈ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ।

## ਕਰਮਚਾਰੀ/ਮੈਨੇਜਮੈਂਟ ਸੰਵਾਦ

**ਬੁਨਿਆਦੀ (BASIC)**

G 1.8 ਕਰਮਚਾਰੀਆਂ ਨੂੰ ਉਹਨਾਂ ਦੇ ਅਧਿਕਾਰਾਂ ਅਤੇ IWAY ਨਾਲ ਜੁੜੀਆਂ ਜ਼ਿੰਮੇਵਾਰੀਆਂ ਬਾਰੇ ਸੂਚਿਤ ਕੀਤਾ ਜਾਂਦਾ ਹੈ।

G 1.9 ਕਰਮਚਾਰੀਆਂ ਦੇ ਨਾਲ IWAY ਨਾਲ ਸੰਬੰਧਿਤ ਇੱਕ ਢਾਂਚਾਗਤ ਗੱਲਬਾਤ ਹੁੰਦੀ ਹੈ।



# 2 ਵਪਾਰ ਕਾਨੂੰਨੀ ਤੌਰ 'ਤੇ ਅਤੇ ਅਖੰਡਤਾ ਨਾਲ ਚਲਾਇਆ ਜਾਂਦਾ ਹੈ

## ਕਾਰੋਬਾਰ ਨੈਤਿਕਤਾ

**ਲਾਜ਼ਮੀ (MUST)**

G 2.1 IKEA ਕਾਰੋਬਾਰ ਨਾਲ ਸੰਬੰਧਿਤ ਭਰੋਸੇ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਇਆ ਜਾਂਦਾ ਹੈ। ਕਾਨੂੰਨ ਨੂੰ ਤੋੜਨ, ਦਸਤਾਵੇਜ਼ਾਂ ਨੂੰ ਝੂਠਾ ਬਣਾਉਣ, ਧੋਖਾ ਦੇਣ ਜਾਂ ਭ੍ਰਿਸ਼ਟਾਚਾਰ ਕਰਨ ਦੀਆਂ ਕੋਸ਼ਿਸ਼ਾਂ ਸਵੀਕਾਰ ਨਹੀਂ ਕੀਤੀਆਂ ਜਾਂਦੀਆਂ ਹਨ।

**ਬੁਨਿਆਦੀ (BASIC)**

G 2.2 IWAY ਨਾਲ ਸੰਬੰਧਿਤ ਸਾਰੇ ਲਾਗੂ ਕਾਨੂੰਨ, ਨਿਯਮਾਂ ਅਤੇ ਪਰਮਿਟਾਂ ਦੀ ਪਾਲਣਾ ਕੀਤੀ ਜਾਂਦੀ ਹੈ।

# 3 ਬੱਚਿਆਂ ਦੀ ਰੱਖਿਆ ਕੀਤੀ ਜਾਂਦੀ ਹੈ ਅਤੇ ਕੰਮ ਕਰਨ, ਸਿੱਖਣ ਅਤੇ ਰਿਵਾਰਕ ਜੀਵਨ ਦੇ ਮੌਕਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ

## ਬੱਚਿਆਂ ਦੀ ਰੱਖਿਆ

**ਲਾਜ਼ਮੀ (MUST)**

G 3.1 ਕੋਈ ਬਾਲ *ਮਜ਼ਦੂਰੀ* ਨਹੀਂ ਹੁੰਦੀ ਹੈ। ਬਾਲ *ਮਜ਼ਦੂਰੀ* ਦੇ ਦੇ ਕਿਸੇ ਵੀ ਸੰਭਾਵੀ ਜਾਂ ਪੁਸ਼ਟੀ ਕੀਤੇ ਮਾਮਲੇ ਦੀ ਤੁਰੰਤ IKEA ਨੂੰ ਰਿਪੋਰਟ ਕੀਤੀ ਜਾਂਦੀ ਹੈ।

**ਬੁਨਿਆਦੀ (BASIC)**

G 3.2 ਬੱਚੇ ਕੰਮ ਕਰਨ ਦੀ ਘੱਟੋ-ਘੱਟ ਕਾਨੂੰਨੀ ਉਮਰ ਤੋਂ ਘੱਟ 'ਤੇ ਕੰਮ ਨਹੀਂ ਕਰ ਸਕਦੇ ਹਨ। *ਵਿਵਸਾਇਕ ਸਿਖਿਆਰਥੀ* 14 ਸਾਲ ਦੀ ਉਮਰ ਤੋਂ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਸਿਖਲਾਈ ਉਹਨਾਂ ਦੀ ਸਿੱਖਿਆ ਨਾਲ ਸੰਬੰਧਿਤ ਹੁੰਦੀ ਹੈ।

G 3.3 ਬੱਚੇ , ਚਾਹੇ ਨੌਜਵਾਨ *ਕਰਮਚਾਰੀ* ਹੋਣ ਜਾਂ *ਵਿਵਸਾਇਕ ਸਿਖਿਆਰਥੀ*, *ਖ਼ਤਰਨਾਕ ਕੰਮ* ਜਾਂ ਰਾਤ ਦਾ ਕੰਮ ਨਹੀਂ ਕਰਦੇ ਹਨ।

## ਕੰਮ ਅਤੇ ਸਿਖਲਾਈ ਦੇ ਮੌਕੇ

**ਬੁਨਿਆਦੀ (BASIC)**

G 3.4 *ਨੌਜਵਾਨ ਕਾਮਿਆਂ* ਲਈ ਕੰਮ ਦੇ ਮੌਕਿਆਂ ਦੀ ਪਛਾਣ ਕੀਤੀ ਜਾਂਦੀ ਹੈ ਅਤੇ ਉਹਨਾਂ ਨੂੰ ਅੱਗੇ ਵਧਾਇਆ ਜਾਂਦਾ ਹੈ।

**ਅਗਾਉਂ (ADVANCED)**

G 3.5 ਬੱਚਿਆਂ ਲਈ *ਵਿਵਸਾਇਕ ਸਿਖਲਾਈ* ਦੇ ਮੌਕਿਆਂ ਦੀ ਪਛਾਣ ਕੀਤੀ ਜਾਂਦੀ ਹੈ ਅਤੇ ਉਹਨਾਂ ਨੂੰ ਅੱਗੇ ਵਧਾਇਆ ਜਾਂਦਾ ਹੈ।

## ਪਰਿਵਾਰਕ ਜੀਵਨ ਦੇ ਮੌਕੇ

| | | ਅਗਾਊਂ (ADVANCED) |
|---|---|---|

G 3.6 ਕਰਮਚਾਰੀ ਲਾਗੂ ਕਾਨੂੰਨਾਂ ਦੁਆਰਾ ਪਰਿਭਾਸ਼ਿਤ ਬਾਲ ਦੇਖਭਾਲ ਤੋਂ ਇਲਾਵਾ ਬਾਲ ਦੇਖਭਾਲ ਸਹਾਇਤਾ ਪ੍ਰਾਪਤ ਕਰਦੇ ਹਨ।



# 4 ਬੁਨਿਆਦੀ ਮਜ਼ਦੂਰੀ ਦੇ ਹੱਕਾਂ ਦਾ ਸਨਮਾਨ ਕੀਤਾ ਜਾਂਦਾ ਹੈ

## ਕਰਮਚਾਰੀ ਦੀ ਆਜ਼ਾਦੀ

**ਲਾਜ਼ਮੀ (MUST)**

G 4.1 ਕੋਈ ਜਬਰੀ, ਬੰਦਸ਼ ਵਾਲੀ ਜਾਂ ਜੇਲ੍ਹ ਵਿੱਚ ਮਜ਼ਦੂਰੀ ਨਹੀਂ ਹੁੰਦੀ ਹੈ। ਜਬਰੀ, ਬੰਦਸ਼ ਵਾਲੀ ਜਾਂ ਜੇਲ੍ਹ ਵਿੱਚ ਮਜ਼ਦੂਰੀ ਦੇ ਕਿਸੇ ਵੀ ਸੰਭਾਵੀ ਜਾਂ ਪੁਸ਼ਟੀ ਕੀਤੇ ਮਾਮਲੇ ਦੀ ਤੁਰੰਤ IKEA ਨੂੰ ਰਿਪੋਰਟ ਕੀਤੀ ਜਾਂਦੀ ਹੈ।

**ਬੁਨਿਆਦੀ (BASIC)**

G 4.2 ਓਵਰਟਾਈਮ ਘੰਟੇ ਸਵੈਇੱਛੁਕ ਹੁੰਦੇ ਹਨ ਅਤੇ ਓਵਰਟਾਈਮ ਘੰਟਿਆਂ ਤੋਂ ਇਨਕਾਰ ਕਰਨ ਵਾਲੇ ਕਰਮਚਾਰੀਆਂ ‘ਤੇ ਜੁਰਮਾਨਾ ਨਹੀਂ ਲਗਾਇਆ ਜਾਂਦਾ ਹੈ। ਕੁਝ ਹਾਲਾਤ ਵਿੱਚ ਲਾਗੂ ਕਾਨੂੰਨਾਂ ਦੁਆਰਾ ਚੰਗੀ ਤਰ੍ਹਾਂ ਪਰਿਭਾਸ਼ਿਤ ਕੀਤੇ, ਓਵਰਟਾਈਮ ਦੇ ਸਮੇਂ ਥੋੜ੍ਹੇ ਸਮੇਂ ਲਈ ਲਾਜ਼ਮੀ ਹੋ ਸਕਦੇ ਹਨ ਜੇ ਜਿੱਥੇ ਲਾਗੂ ਹੁੰਦਾ ਹੋਵੇ ਕਰਮਚਾਰੀ ਦੀ ਨੁਮਾਇੰਦਗੀ ਦੁਆਰਾ ਸਹਿਮਤੀ ਬਣਾਈ ਜਾਂਦੀ ਹੈ।

## ਸੰਘ ਬਣਾਉਣ ਦੀ ਸੁਤੰਤਰਤਾ ਅਤੇ ਸ਼ਿਕਾਇਤਾਂ

**ਬੁਨਿਆਦੀ (BASIC)**

G 4.3 ਕਰਮਚਾਰੀ ਕੰਮ ਨਾਲ ਜੁੜੇ ਸੰਗਠਨ ਬਣਾਉਣ ਜਾਂ ਉਹਨਾਂ ਵਿੱਚ ਹਿੱਸਾ ਲੈਣ (ਜਾਂ ਨਾ ਲੈਣ) ਦੇ ਆਪਣੇ ਅਧਿਕਾਰ ਦੀ ਵਰਤੋਂ ਕਰਨ ਦੇ ਨਾਲ-ਨਾਲਸਮੂਹਕ ਸੌਦੇਬਾਜ਼ੀ ਵਿੱਚ ਸ਼ਾਮਲ ਹੋਣ ਲਈ ਸੁਤੰਤਰ ਹਨ। ਇਹ ਅਧਿਕਾਰ ਵਿਤਕਰੇ, ਹਿੰਸਾ ਜਾਂ ਪਰੇਸ਼ਾਨੀ, ਭਾਵੇਂ ਉਹ ਸਰੀਰਕ ਹੋਵੇ ਜਾਂ ਮਨੋਵਿਗਿਆਨਕ, ਦੇ ਡਰ ਤੋਂ ਬਿਨਾਂ ਵਰਤੇ ਜਾਂਦੇ ਹਨ।

G 4.4 ਇੱਕ ਸ਼ਿਕਾਇਤ ਵਿਧੀ ਸਥਾਪਤ ਹੈ ਅਤੇ ਕਰਮਚਾਰੀਆਂ ਨੂੰ ਇਸਦੀ ਜਾਣਕਾਰੀ ਹੈ, ਜਿਸ ਰਾਹੀਂ ਉਹ ਬਦਲਾ ਲਏ ਜਾਣ ਦੇ ਬਿਨਾਂ ਸ਼ਿਕਾਇਤਾਂ ਜਾਂ ਚਿੰਤਾਵਾਂ ਉਠਾ ਸਕਦੇ ਹਨ। ਸ਼ਿਕਾਇਤਾਂ ਦਰਜ ਕੀਤੀਆਂ ਜਾਂਦੀਆਂ ਹਨ ਅਤੇ ਉਹਨਾਂ ‘ਤੇ ਕਾਰਵਾਈ ਕੀਤੀ ਜਾਂਦੀ ਹੈ ਅਤੇ ਕਰਮਚਾਰੀਆਂ ਦੇ ਗੁਮਨਾਮਤਾ ਦੀ ਰੱਖਿਆ ਕੀਤੀ ਜਾਂਦੀ ਹੈ।

## ਭਰਤੀ ਅਤੇ ਰੁਜ਼ਗਾਰ ਦੇ ਤਰੀਕੇ

ਬੁਨਿਆਦੀ (BASIC)

G 4.5 ਭਰਤੀਆਂ, ਰੁਜ਼ਗਾਰ ਜਾਂ ਸਮਾਪਤੀ ਪ੍ਰਕਿਰਿਆਵਾਂ ਨਾਲ ਜੁੜੀਆਂ ਫੀਸਾਂ ਅਤੇ ਖਰਚੇ *ਕਰਮਚਾਰੀਆਂ* ਤੋਂ ਨਹੀਂ ਲਏ ਜਾਂਦੇ ਹਨ। *ਕਰਮਚਾਰੀਆਂ* ਨੂੰ ਜਮ੍ਹਾਂ ਰਾਸ਼ੀ ਮੁਹੱਈਆ ਕਰਾਉਣ ਦੀ ਬੇਨਤੀ ਨਹੀਂ ਕੀਤੀ ਜਾਂਦੀ।

G 4.6 ਭਰਤੀ ਨਾਲ ਸੰਬੰਧਤ ਇੱਕ ਲਿਖਤੀ ਰੁਟੀਨ ਲਾਗੂ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਇਸ ਬਾਰੇ ਨਿਯਮ ਸ਼ਾਮਲ ਹਨ: ਉਮਰ ਦੀ ਤਸਦੀਕ, ਉਮੀਦਵਾਰਾਂ ਦੀ ਜਾਂਚ ਅਤੇ ਚੋਣ ਅਤੇ ਸਾਰੇ ਲੇਬਰ ਭਰਤੀ ਕਰਨ ਵਾਲਿਆਂ ਦੀ ਵਰਤੋਂ।

G 4.7 *ਕਰਮਚਾਰੀ* ਕੰਮ ਜਾਂ ਸ਼ੁਰੂਆਤੀ ਸਿਖਲਾਈ ਸ਼ੁਰੂ ਕਰਨ ਤੋਂ ਪਹਿਲਾਂ ਲਿਖਤੀ ਰੁਜ਼ਗਾਰ ਇਕਰਾਰਨਾਮੇ ਜਾਂ ਇਸ ਦੇ ਬਰਾਬਰ ਦਸਤਖਤ ਕਰਦੇ ਹਨ, ਜੋ ਵੀ ਪਹਿਲਾਂ ਆਉਂਦਾ ਹੈ। *ਕਰਮਚਾਰੀ* ਇਕਰਾਰਨਾਮੇ ਦੀ ਇੱਕ ਕਾਪੀ ਪ੍ਰਾਪਤ ਕਰਦੇ ਹਨ ਅਤੇ ਦਸਤਖ਼ਤ ਕਰਨ ਤੋਂ ਪਹਿਲਾਂ ਇਸ ਦੀਆਂ ਸ਼ਰਤਾਂ ਨੂੰ ਸਮਝਦੇ ਹਨ। ਰੁਜ਼ਗਾਰ ਦੀਆਂ ਸ਼ਰਤਾਂ ਵਿੱਚ ਮਹੱਤਵਪੂਰਣ ਤਬਦੀਲੀਆਂ 'ਤੇ *ਕਰਮਚਾਰੀਆਂ* ਦੁਆਰਾ ਲਿਖਤੀ ਰੂਪ ਵਿੱਚ ਸਹਿਮਤੀ ਦਿੱਤੀ ਜਾਂਦੀ ਹੈ।

G 4.8 ਜ਼ੀਰੋ-ਘੰਟੇ ਇਕਰਾਰਨਾਮਿਆਂ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ।

G 4.9 ਵਿਤਕਰਾ, ਪਰੇਸ਼ਾਨੀ, ਕਾਰੋਬਾਰੀ ਨੈਤਿਕਤਾ, ਅਨੁਸ਼ਾਸਨੀ ਉਪਾਅ ਅਤੇ ਸ਼ਰਾਬ ਅਤੇ ਨਸ਼ਿਆਂ ਦੀ ਵਰਤੋਂ ਬਾਰੇ ਨਿਯਮ ਲਿਖੇ ਜਾਂਦੇ ਹਨ, ਲਾਗੂ ਕੀਤੇ ਜਾਂਦੇ ਹਨ ਅਤੇ *ਕਰਮਚਾਰੀਆਂ* ਨੂੰ ਸੂਚਿਤ ਕੀਤੇ ਜਾਂਦੇ ਹਨ।

G 4.10 ਅਨੁਸ਼ਾਸਨੀ ਉਪਾਵਾਂ ਵਿੱਚ ਮਾਨਸਿਕ ਜਾਂ ਸਰੀਰਕ ਜ਼ਬਰਦਸਤੀ ਦੀ ਵਰਤੋਂ ਸ਼ਾਮਲ ਨਹੀਂ ਹੈ, ਜਿਸ ਵਿੱਚ ਸਰੀਰਕ ਸਜ਼ਾ, ਹਿੰਸਾ ਦੀਆਂ ਧਮਕੀਆਂ, ਜਨਤਕ ਚਿਤਾਵਨੀਆਂ ਜਾਂ ਸਜ਼ਾਵਾਂ, ਜੁਰਮਾਨੇ ਅਤੇ ਠੇਕੇਦਾਰੀ ਲਾਭ ਹਟਾਉਣਾ ਸ਼ਾਮਲ ਹਨ। *ਕਰਮਚਾਰੀ* ਸਹਾਇਤਾ ਲੈਣ ਲਈ ਸੁਤੰਤਰ ਹਨ ਅਤੇ ਉਹਨਾਂ ਕੋਲ ਅਨੁਸ਼ਾਸਨੀ ਫੈਸਲਿਆਂ 'ਤੇ ਅਪੀਲ ਕਰਨ ਦਾ ਅਧਿਕਾਰ ਹੈ।

ਅਗਾਉਂ (ADVANCED)

G 4.11 *ਅਸਥਾਈ ਕੰਮ* ਨੂੰ ਸਿਰਫ ਉਦੋਂ ਵਰਤਿਆ ਜਾਂਦਾ ਹੈ, ਜਦੋਂ ਕੰਮ ਨਿਯਮਿਤ ਪ੍ਰਕਿਰਿਤੀ ਦਾ ਨਹੀਂ ਹੁੰਦਾ।

G 4.12 ਬਰਖਾਸਤਗੀ ਦੇ ਮਾਮਲੇ ਵਿੱਚ, *ਕਰਮਚਾਰੀਆਂ* ਨੂੰ ਰੁਜ਼ਗਾਰ ਦੀ ਸਮਾਪਤੀ ਤੋਂ ਘੱਟੋ-ਘੱਟ 10 ਕੰਮਕਾਜੀ ਦਿਨ ਪਹਿਲਾਂ ਨੋਟਿਸ ਦੀ ਮਿਆਦ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

## ਬਰਾਬਰੀ, ਵੰਡ ਅਤੇ ਇਕਸਾਰਤਾ

ਬੁਨਿਆਦੀ (BASIC)

G 4.13 *ਕਰਮਚਾਰੀ* ਵਿਤਕਰੇ, ਹਿੰਸਾ ਜਾਂ ਪਰੇਸ਼ਾਨੀ ਤੋਂ ਮੁਕਤ ਹੁੰਦੇ ਹਨ, ਭਾਵੇਂ ਇਹ ਸਰੀਰਕ ਹੋਵੇ ਜਾਂ ਮਨੋਵੋਗਿਆਨਕ।

ਅਗਾਉਂ (ADVANCED)

G 4.14 *ਸਮਾਨਤਾ*, *ਵਿਭਿੰਨਤਾ* ਅਤੇ *ਸ਼ਮੂਲੀਅਤ* ਨੂੰ ਉਤਸ਼ਾਹਿਤ ਕਰਨ ਦੀਆਂ ਕਾਰਵਾਈਆਂ ਲਾਗੂ ਕੀਤੀਆਂ ਜਾਂਦੀਆਂ ਹਨ ਅਤੇ ਅੰਦਰੂਨੀ ਤੌਰ 'ਤੇ ਸੰਚਾਰਿਤ ਕੀਤੀਆਂ ਜਾਂਦੀਆਂ ਹਨ।

ਸ੍ਰੇਸ਼ਠ (EXCELLENT)

G 4.15 ਲਿੰਗ ਤਨਖਾਹ ਦੇ ਫਾਸਲਿਆਂ ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਖਤਮ ਕਰਨ ਲਈ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ।

G 4.16 *ਲਿੰਗ ਸੰਤੁਲਨ* ਪ੍ਰਬੰਧਕੀ ਅਹੁਦਿਆਂ ਲਈ ਪ੍ਰਾਪਤ ਕੀਤਾ ਜਾਂਦਾ ਹੈ।

# 5 ਕਰਮਚਾਰੀਆਂ ਨੂੰ ਕੰਮ ਤੋਂ ਛੁੱਟੀ ਮਿਲਦੀ ਹੈ, ਉਹਨਾਂ ਨੂੰ ਜ਼ਿੰਮੇਵਾਰੀ ਨਾਲ ਭੁਗਤਾਨ ਕੀਤਾ ਜਾਂਦਾ ਹੈ ਅਤੇ ਸਮਰੱਥਾ ਵਿਕਸਿਤ ਕਰਨ ਲਈ ਮੌਕੇ ਦਿੱਤੇ ਜਾਂਦੇ ਹਨ

## ਕੰਮ ਕਰਨ ਦਾ ਸਮਾਂ ਅਤੇ ਕੰਮ ਤੋਂ ਛੁੱਟੀ

**ਲਾਜ਼ਮੀ (MUST)**

G 5.1 ਓਵਰਟਾਈਮ ਸਮੇਤ, ਸਾਰੇ *ਕਰਮਚਾਰੀਆਂ* ਦੇ *ਕੰਮ ਕਰਨ ਦੇ ਸਮਿਆਂ* ਨੂੰ ਰਜਿਸਟਰ ਕਰਨ ਲਈ ਇੱਕ ਭਰੋਸੇਮੰਦ ਪ੍ਰਣਾਲੀ ਬਣਾ ਕੇ ਰੱਖੀ ਜਾਂਦੀ ਹੈ।

**ਬੁਨਿਆਦੀ (BASIC)**

G 5.2 *ਕੰਮ ਕਰਨ ਦੇ ਘੰਟੇ* ਓਵਰਟਾਈਮ ਸਮੇਤ, 60 ਘੰਟੇ ਪ੍ਰਤੀ ਹਫ਼ਤੇ ਤੋਂ ਵੱਧ ਨਹੀਂ ਹੁੰਦੇ।

G 5.3 *ਕਰਮਚਾਰੀਆਂ* ਨੂੰ ਹਰੇਕ 4.5 ਘੰਟੇ ਕੰਮ ਕਰਨ ਤੋਂ ਬਾਅਦ ਘੱਟੋ-ਘੱਟ 30 ਮਿੰਟ ਦਾ ਇੱਕ ਬ੍ਰੇਕ ਮਿਲਦਾ ਹੈ ਜਦ ਤੱਕ ਕਿ *ਕਰਮਚਾਰੀ* ਦੀ ਨੁਮਾਇੰਦਗੀ ਦੁਆਰਾ ਲਿਖਤੀ ਰੂਪ ਵਿੱਚ ਕੋਈ ਹੋਰ ਸਹਿਮਤੀ ਨਾ ਕੀਤੀ ਗਈ ਹੋਵੇ।

G 5.4 *ਕਰਮਚਾਰੀਆਂ* ਨੂੰ 6 ਦਿਨਾਂ ਦੇ ਕੰਮ ਤੋਂ ਬਾਅਦ ਘੱਟੋ-ਘੱਟ 24 ਘੰਟੇ ਲਗਾਤਾਰ ਆਰਾਮ ਮਿਲਦਾ ਹੈ।

**ਅਗਾਊਂ (ADVANCED)**

G 5.5 *ਕਰਮਚਾਰੀਆਂ* ਕੋਲ, ਉਸ ਤੋਂ ਇਲਾਵਾ ਜੋ ਕਿ ਲਾਗੂ ਕਾਨੂੰਨਾਂ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ, ਅਸਧਾਰਨ ਨਿੱਜੀ ਹਾਲਾਤ ਲਈ ਕੰਮ ਤੋਂ ਛੁੱਟੀ ਲੈਣ ਦਾ ਅਧਿਕਾਰ ਹੁੰਦਾ ਹੈ।

G 5.6 ਨਿਯਮਿਤ *ਕੰਮ ਕਰਨ ਦੇ ਘੰਟੇ* ਪ੍ਰਤੀ ਹਫ਼ਤਾ 48 ਘੰਟਿਆਂ ਤੋਂ ਵੱਧ ਨਹੀਂ ਹੁੰਦੇ। ਓਵਰਟਾਈਮ *ਕੰਮ ਕਰਨ ਦੇ ਘੰਟੇ* ਪ੍ਰਤੀ ਹਫ਼ਤਾ 12 ਘੰਟੇ ਤੋਂ ਵੱਧ ਨਹੀਂ ਹੁੰਦੇ।

**ਸ੍ਰੇਸ਼ਠ (EXCELLENT)**

G 5.7 ਕੰਮ ਦੀ ਯੋਜਨਾ ਇਸ ਤਰੀਕੇ ਨਾਲ ਬਣਾਈ ਗਈ ਹੈ ਕਿ ਇਹ ਓਵਰਟਾਈਮ ‘ਤੇ ਨਿਰਭਰ ਨਹੀਂ ਕਰਦੀ।

## ਮਜ਼ਦੂਰੀਆਂ ਅਤੇ ਲਾਭ

ਲਾਜ਼ਮੀ (MUST)

G 5.8 *ਕਰਮਚਾਰੀਆਂ* ਨੂੰ ਨਿਊਨਤਮ ਕਾਨੂੰਨੀ ਮਜ਼ਦੂਰੀ ਜ਼ਰੂਰ ਦਿੱਤੀ ਜਾਂਦੀ ਹੈ।

ਬੁਨਿਆਦੀ (BASIC)

G 5.9 *ਕਰਮਚਾਰੀਆਂ* ਨੂੰ ਉਹਨਾਂ ਦੇ ਅਧਾਰਕ ਸਥਾਨ ਤੋਂ ਦੂਰ ਕੰਮ ਕਰਨ ਦੇ ਨਤੀਜੇ ਵਜੋਂ ਰਹਿਣ-ਸਹਿਣ ਦੀਆਂ ਵਾਧੂ ਲਾਗਤਾਂ ਦਾ ਮੁਆਵਜ਼ਾ ਦਿੱਤਾ ਜਾਂਦਾ ਹੈ।

G 5.10 ਮਜ਼ਦੂਰੀਆਂ ਦਾ ਭੁਗਤਾਨ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਸਮੇਂ ਸਿਰ ਅਤੇ ਘੱਟੋ-ਘੱਟ ਮਹੀਨਾਵਾਰ ਅਧਾਰ 'ਤੇ ਕੀਤਾ ਜਾਂਦਾ ਹੈ।

G 5.11 *ਕਰਮਚਾਰੀਆਂ* ਨੂੰ ਪੂਰੀ ਤਨਖਾਹ, ਲਾਭ ਅਤੇ ਕਟੌਤੀ ਦੀ ਜਾਣਕਾਰੀ ਦੇ ਨਾਲ ਇੱਕ *ਪੇਅਸਲਿੱਪ* ਪ੍ਰਾਪਤ ਹੁੰਦੀ ਹੈ ਜੋ ਪ੍ਰਾਪਤ ਕੀਤੀ ਤਨਖਾਹ ਨੂੰ ਦਰਸਾਉਂਦੀ ਹੈ। *ਪੇਅਸਲਿੱਪਾਂ* ਵਿੱਚ ਦਿੱਤੀ ਗਈ ਜਾਣਕਾਰੀ *ਕਰਮਚਾਰੀਆਂ* ਲਈ ਸਮਝਣਯੋਗ ਹੁੰਦੀ ਹੈ।

G 5.12 ਵਰਦੀਆਂ, ਜਦੋਂ ਜ਼ਰੂਰਤ ਹੋਵੇ, ਲੋੜੀਂਦੀ ਮਾਤਰਾ ਵਿੱਚ ਅਤੇ ਮੁਫ਼ਤ ਮੁਹੱਈਆ ਕੀਤੀਆਂ ਜਾਂਦੀਆਂ ਹਨ। ਵਰਦੀਆਂ ਦੀ ਸਫਾਈ ਅਤੇ/ਜਾਂ ਸਾਂਭ-ਸੰਭਾਲ ਲਈ ਕੋਈ ਕਟੌਤੀ ਨਹੀਂ ਕੀਤੀ ਜਾਂਦੀ।

ਅਗਾਊਂ (ADVANCED)

G 5.13 ਓਵਰਟਾਈਮ ਘੰਟਿਆਂ ਦਾ ਭੁਗਤਾਨ ਪ੍ਰੀਮੀਅਮ ਦਰ 'ਤੇ ਜਾਂ ਬਰਾਬਰ ਸਮੇਂ ਦੀ ਛੁੱਟੀ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ।

## ਸਮਰੱਥਾ ਵਿਕਾਸ

ਬੁਨਿਆਦੀ (BASIC)

G 5.14 *ਕਰਮਚਾਰੀਆਂ* ਕੋਲ ਸਮਰੱਥਾ ਹੈ ਕਿ ਐਮਰਜੈਂਸੀ ਸਥਿਤੀਆਂ ਨਾਲ ਕਿਵੇਂ ਨਿਪਟਣਾ ਹੈ ਅਤੇ ਆਪਣੇ ਕੰਮ ਕਰਨ ਤੋਂ ਪਹਿਲਾਂ ਉਹਨਾਂ ਦੀ ਸਥਿਤੀ ਨਾਲ ਜੁੜੇ ਜੋਖਮਾਂ ਨੂੰ ਕਿਵੇਂ ਜਾਣਨਾ ਹੈ।

G 5.15 *ਕਰਮਚਾਰੀ* ਸਿਖਲਾਈ ਜਾਂ ਸਮਰੱਥਾ ਵਿਕਾਸ ਦੀਆਂ ਹੋਰ ਗਤੀਵਿਧੀਆਂ ਪ੍ਰਾਪਤ ਕਰਦੇ ਹਨ ਜਿਨ੍ਹਾਂ ਨਾਲ ਉਹ ਆਪਣੇ ਕੰਮਾਂ ਨੂੰ ਪੂਰਾ ਕਰ ਸਕਦੇ ਹਨ।

G 5.16 18 ਸਾਲ ਤੋਂ ਵੱਧ ਉਮਰ ਦੇ *ਵਿਵਸਾਇਕ ਸਿਖਿਆਰਥੀ* ਸਿਖਲਾਈ ਦੌਰਾਨ ਕੀਤੇ ਗਏ ਕੰਮ ਲਈ ਮੁਆਵਜ਼ਾ ਪ੍ਰਾਪਤ ਕਰਦੇ ਹਨ। ਸਿਖਲਾਈ ਉਹਨਾਂ ਦੀ ਸਿੱਖਿਆ ਨਾਲ ਸੰਬੰਧਿਤ ਹੁੰਦੀ ਹੈ।

ਅਗਾਊਂ (ADVANCED)

G 5.17 *ਵਿਵਸਾਇਕ ਸਿਖਲਾਈ* ਦੇ ਮੌਕਿਆਂ ਨੂੰ ਪਛਾਣਿਆ ਜਾਂਦਾ ਹੈ ਅਤੇ ਉਹਨਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ।

G 5.18 *ਕਰਮਚਾਰੀਆਂ* ਕੋਲ ਉਹਨਾਂ ਦੇ ਕੰਮ ਦੇ ਮੌਜੂਦਾ ਖੇਤਰ ਨਾਲ ਸੰਬੰਧ ਰੱਖਣ ਵਾਲੇ ਜਾਂ ਸੰਬੰਧ ਨਾ ਰੱਖਣ ਵਾਲੇ ਖੇਤਰਾਂ ਵਿੱਚ ਆਪਣੀ ਯੋਗਤਾ ਵਿਕਸਿਤ ਕਰਨ ਦਾ ਮੌਕਾ ਹੁੰਦਾ ਹੈ।

# 6 ਕਰਮਚਾਰੀਆਂ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕੀਤੀ ਜਾਂਦੀ ਹੈ

## ਵਿਵਸਾਇਕ ਸਿਹਤ ਅਤੇ ਸੁਰੱਖਿਆ ਦਾ ਪ੍ਰਬੰਧਨ

**ਲਾਜ਼ਮੀ (MUST)**

G 6.1 *ਕਰਮਚਾਰੀ* ਗੰਭੀਰ ਵਿਵਸਾਇਕ ਸਿਹਤ ਅਤੇ ਸੁਰੱਖਿਆ ਲਈ *ਖਤਰਿਆਂ* ਦਾ ਸਾਹਮਣਾ ਨਹੀਂ ਕਰਦੇ ਹਨ। ਮੌਤਾਂ ਦੀ ਤੁਰੰਤ IKEA ਨੂੰ ਰਿਪੋਰਟ ਕੀਤੀ ਜਾਂਦੀ ਹੈ।

G 6.2 *ਦੁਰਘਟਨਾ* ਬੀਮਾ ਸਾਰੇ *ਕਰਮਚਾਰੀਆਂ* ਨੂੰ ਮੁਹੱਈਆ ਕੀਤਾ ਜਾਂਦਾ ਹੈ। ਬੀਮਾ ਕੰਮ ਨਾਲ ਸੰਬੰਧਿਤ ਸੱਟਾਂ ਅਤੇ ਬਿਮਾਰੀਆਂ ਦਾ ਡਾਕਟਰੀ ਇਲਾਜ ਕਵਰ ਕਰਦਾ ਹੈ ਅਤੇ ਕੰਮ ਨਾਲ ਸੰਬੰਧਿਤ ਉਹਨਾਂ ਸੱਟਾਂ ਅਤੇ ਬਿਮਾਰੀਆਂ ਲਈ ਮੁਆਵਜ਼ਾ ਮੁਹੱਈਆ ਕਰਦਾ ਹੈ ਜਿਸ ਦੇ ਨਤੀਜੇ ਵਜੋਂ ਸਥਾਈ ਅਯੋਗਤਾ ਜਾਂ ਮੌਤ ਹੋ ਜਾਂਦੀ ਹੈ।

**ਬੁਨਿਆਦੀ (BASIC)**

G 6.3 ਵਿਵਸਾਇਕ ਸਿਹਤ ਅਤੇ ਸੁਰੱਖਿਆ ਦੇ ਜੋਖਮਾਂ, ਜਿਨ੍ਹਾਂ ਵਿੱਚ ਮਾਨਸਿਕ ਸਿਹਤ ਅਤੇ ਅਰੋਗੋਨੋਮਿਕਸ ਨਾਲ ਜੁੜੇ ਜੋਖਮ ਸ਼ਾਮਲ ਹਨ, ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਘਟਾਉਣ ਲਈ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ।

G 6.4 *ਖਤਰਨਾਕ ਕੰਮ* ਨਾਲ ਜੁੜੇ ਜੋਖਮਾਂ ਨੂੰ ਘਟਾਉਣ ਲਈ ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਦੇ *ਰੁਟੀਨ* ਲਾਗੂ ਕੀਤੇ ਜਾਂਦੇ ਹਨ।

G 6.5 ਉਪਕਰਨ ਸੁਰੱਖਿਅਤ ਹੁੰਦਾ ਹੈ ਅਤੇ ਸੁਰੱਖਿਅਤ ਸਥਿਤੀਆਂ ਦੇ ਅਧੀਨ ਵਰਤਿਆ ਜਾਂਦਾ ਹੈ। ਚੇਤਾਵਨੀ ਦੇ ਚਿੰਨ੍ਹ ਅਤੇ ਸੁਰੱਖਿਆ ਜਾਣਕਾਰੀ ਦਿਖਾਈ ਦਿੰਦੀ ਹੈ।

G 6.6 *ਕਰਮਚਾਰੀ* ਨਿੱਜੀ ਸੁਰੱਖਿਆ ਉਪਕਰਣ ਅਤੇ ਸੁਰੱਖਿਆ ਕੱਪੜੇ ਵਰਤਦੇ ਹਨ ਜੋ ਕਿ ਸਾਫ-ਸੁਥਰੇ, ਮੁਫ਼ਤ, ਕੰਮਕਾਜੀ ਹਾਲਤ ਵਿੱਚ ਅਤੇ ਪਛਾਣੇ ਗਏ ਜੋਖਮਾਂ ਲਈ ਢੁਕਵੇਂ ਹੁੰਦੇ ਹਨ।

G 6.7 *ਸਿਹਤ ਅਤੇ ਸੁਰੱਖਿਆ ਨਾਲ ਸੰਬੰਧਤ ਦੁਰਘਟਨਾਵਾਂ* ਅਤੇ *ਬਾਲ-ਬਾਲ ਬਚਣ* ਦੀਆਂ ਘਟਨਾਵਾਂ ਦੀ ਰਿਪੋਟਟ ਕੀਤੀ ਜਾਂਦੀ ਹੈ, ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਫਾਲੋ-ਅੱਪ ਕੀਤਾ ਜਾਂਦਾ ਹੈ ਅਤੇ ਕਾਰਵਾਈ ਕੀਤੀ ਜਾਂਦੀ ਹੈ। *ਦੁਰਘਟਨਾਵਾਂ* ਅਤੇ *ਬਾਲ-ਬਾਲ ਬਚਣ* ਦੀਆਂ ਘਟਨਾਵਾਂ ਦਾ ਰਿਕਾਰਡ ਰੱਖਿਆ ਜਾਂਦ ਹੈ।

G 6.8 ਸੁਰੱਖਿਆ ਸੰਬੰਧੀ *ਖਤਰਿਆਂ* ਦੀ ਨਿਰੰਤਰ ਰਿਪੋਰਟ ਕੀਤੀ ਜਾਂਦੀ ਹੈ, ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਫਾਲੋ-ਅੱਪ ਕੀਤਾ ਜਾਂਦਾ ਹੈ ਅਤੇ ਕਾਰਵਾਈ ਕੀਤੀ ਜਾਂਦੀ ਹੈ।

## ਸੰਕਟਕਾਲ ਪ੍ਰਬੰਧਨ

ਬੁਨਿਆਦੀ (BASIC)

G 6.9 ਐਮਰਜੈਂਸੀ ਸਥਿਤੀਆਂ ਦੇ ਜੋਖਮਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ। ਲਿਖਤੀ ਐਮਰਜੈਂਸੀ ਰੁਟੀਨ ਲਾਗੂ ਕੀਤੇ ਜਾਂਦੇ ਹਨ।

G 6.10 ਇੱਕ ਸੁਤੰਤਰ ਬਾਹਰ ਨਿਕਲਣ ਦਾ ਅਲਾਰਮ ਸਾਰੇ *ਕਰਮਚਾਰੀਆਂ* ਨੂੰ ਸੁਣਨਯੋਗ ਹੈ ਅਤੇ/ਜਾਂ ਦਿਖਾਈ ਦੇਣ ਯੋਗ ਹੁੰਦਾ ਹੈ। ਅਲਾਰਮ ਨੂੰ ਹੱਥੀਂ ਐਕਟੀਵੇਟ ਕਰਨਾ ਸੰਭਵ ਹੁੰਦਾ ਹੈ ਅਤੇ ਅਲਾਰਮ ਬਟਨ ਸਪੱਸ਼ਟ ਤੌਰ 'ਤੇ ਦਿਖਾਈ ਦਿੰਦੇ ਹਨ ਅਤੇ ਚਿਨ੍ਹਿਤ ਕੀਤੇ ਜਾਂਦੇ ਹਨ।

G 6.11 ਸੰਕਟਕਾਲ ਵਿੱਚ ਬਾਹਰ ਨਿਕਲਣ ਦੇ ਰਸਤੇ ਅਤੇ ਦਰਵਾਜ਼ੇ ਹਰ ਸਮੇਂ ਤੇਜ਼ ਅਤੇ ਸੁਰੱਖਿਅਤ ਤਰੀਕੇ ਨਾਲ ਬਾਹਰ ਨਿਕਲਣਾ ਯਕੀਨੀ ਬਣਾਉਂਦੇ ਹਨ।

G 6.12 *ਫਸਟ ਏਡ ਅਤੇ ਅੱਗ ਬੁਝਾਉਣ ਦੇ ਸਿਖਲਾਈ ਪ੍ਰਾਪਤ ਕਰਮਚਾਰੀ* ਵਿਵਸਾਇਕ ਜੋਖਮ ਦੇ ਅਨੁਸਾਰ ਸਾਰੇ ਕੰਮਕਾਜੀ ਸਮਿਆਂ ਦੌਰਾਨ ਲੋੜੀਂਦੀ ਗਿਣਤੀ ਵਿੱਚ ਉਪਲਬਧ ਹੁੰਦੇ ਹਨ।

G 6.13 ਫਸਟ ਏਡ ਅਤੇ ਅੱਗ ਬੁਝਾਉਣ ਦੇ ਉਪਕਰਣਾਂ ਦੀ ਕਿਸਮ, ਮਾਤਰਾ ਅਤੇ ਸਥਾਨ ਵਿਵਸਾਇਕ ਜੋਖਮ ਦੇ ਅਨੁਰੂਪ ਹੁੰਦੇ ਹਨ। ਉਪਕਰਣ ਹਰ ਸਮੇਂ ਕੰਮਕਾਜੀ ਹਾਲਤ ਵਿੱਚ ਹੁੰਦੇ ਹਨ।

G 6.14 ਨਿਕਾਸੀ ਪ੍ਰਕਿਰਿਆ ਦੀ ਜਾਂਚ ਕਰਨ ਅਤੇ ਸੁਧਾਰ ਦੀ ਕਿਸੇ ਜ਼ਰੂਰਤ ਦੀ ਪਛਾਣ ਕਰਨ ਲਈ ਨਿਕਾਸੀ ਅਭਿਆਸ ਕੀਤੇ ਜਾਂਦੇ ਹਨ। ਡ੍ਰਿਲ ਦੀ ਵਾਰਵਾਰਤਾ ਵਿਵਿਸਾਇਕ ਜੋਖਮਾਂ ਦੇ ਅਨੁਸਾਰ ਪਰਿਭਾਸ਼ਿਤ ਕੀਤੀ ਜਾਂਦੀ ਹੈ। ਜਿੰਨਾ ਸੰਭਵ ਹੋ ਸਕੇ ਜ਼ਿਆਦਾ ਤੋਂ ਜ਼ਿਆਦਾ *ਕਰਮਚਾਰੀ* ਡ੍ਰਿਲਾਂ ਵਿੱਚ ਭਾਗ ਲੈਂਦੇ ਹਨ। ਬਾਹਰ ਨਿਕਲਣ ਦੀਆਂ ਡ੍ਰਿੱਲਾਂ ਦਾ ਰਿਕਾਰਡ ਰੱਖਿਆ ਜਾਂਦਾ ਹੈ।

ਅਗਾਉਂ (ADVANCED)

G 6.15 ਸੰਕਟਕਾਲੀ *ਰੁਟੀਨਾਂ* ਦੀ ਜਾਂਚ ਕਰਨ ਅਤੇ ਸੁਧਾਰ ਦੀ ਕਿਸੇ ਜ਼ਰੂਰਤ ਦੀ ਪਛਾਣ ਕਰਨ ਲਈ ਸੰਕਟਕਾਲੀ ਡ੍ਰਿਲਾਂ ਕੀਤੀਆਂ ਜਾਂਦੀਆਂ ਹਨ। ਸੰਕਟਕਾਲ ਦੀਆਂ ਡ੍ਰਿੱਲਾਂ ਦਾ ਰਿਕਾਰਡ ਰੱਖਿਆ ਜਾਂਦਾ ਹੈ।

G 6.16 ਕਿਸੇ ਸੰਕਟਕਾਲੀਨ ਸਥਿਤੀ ਦੇ ਮਾਮਲੇ ਵਿੱਚ ਫੈਸਲੇ ਲੈਣ ਲਈ ਇੱਕ *ਸੰਕਟਕਾਲ ਪ੍ਰਤਿਕ੍ਰਿਆ ਟੀਮ* ਨਿਯੁਕਤ ਕੀਤੀ ਜਾਂਦੀ ਹੈ।

ਸ੍ਰੇਸ਼ਠ (EXCELLENT)

G 6.17 ਲਿਖਤੀ ਸੰਕਟਕਾਲ *ਰੁਟੀਨਾਂ* ਨੂੰ ਗੁਆਂਢੀ ਕੰਪਨੀਆਂ ਅਤੇ ਸਥਾਨਕ ਅਧਿਕਾਰੀਆਂ ਦੇ ਅਨੁਰੂਪ ਬਣਾਇਆ ਜਾਂਦਾ ਹੈ।

## ਰਸਾਇਣਕ ਪ੍ਰਬੰਧਨ

ਬੁਨਿਆਦੀ (BASIC)

G 6.18 ਰਸਾਇਣਾਂ ਦੀ ਖਰੀਦ, ਸੰਭਾਲ, ਢੋਆ-ਢੁਆਈ, ਪ੍ਰਬੰਧਨ ਅਤੇ ਵਰਤੋਂ ਇਸ ਤਰੀਕੇ ਨਾਲ ਕੀਤੀ ਜਾਂਦੀ ਹੈ ਜਿਸ ਨਾਲ *ਕਰਮਚਾਰੀਆਂ* ਅਤੇ ਵਾਤਾਵਰਣ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕੀਤੀ ਜਾ ਸਕੇ।

ਅਗਾਉਂ (ADVANCED)

G 6.19 ਰਸਾਇਣਕ ਜੋਖਮਾਂ ਦਾ ਮੁਲਾਂਕਣ ਸੰਯੁਕਤ ਰਾਸ਼ਟਰ ਗਲੋਬਲ ਹਾਰਮੋਨਾਈਜ਼ਿੰਗ ਸਿਸਟਮ ਦੇ ਅਨੁਸਾਰ ਕੀਤਾ ਜਾਂਦਾ ਹੈ ਅਤੇ ਇਸੇ ਅਨੁਸਾਰ ਰਸਾਇਣਾਂ 'ਤੇ ਲੇਬਲ ਲਗਾਇਆ ਜਾਂਦਾ ਹੈ।

ਸ੍ਰੇਸ਼ਠ (EXCELLENT)

G 6.20 *ਕਰਮਚਾਰੀਆਂ* ਅਤੇ ਵਾਤਾਵਰਣ ਦੀ ਸਿਹਤ ਅਤੇ ਸੁਰੱਖਿਆ ਲਈ ਘੱਟ ਜੋਖਮਾਂ ਵਾਲੇ ਵਿਕਲਪਿਕ ਰਸਾਇਣਾਂ ਦੀ ਪਛਾਣ ਅਤੇ ਵਰਤੋਂ ਕੀਤੀ ਜਾਂਦੀ ਹੈ।

## ਇਮਾਰਤ ਅਤੇ ਬਿਜਲੀ ਸੰਬੰਧੀ ਸੁਰੱਖਿਆ

ਬੁਨਿਆਦੀ (BASIC)

G 6.21 ਇਮਾਰਤਾਂ ਨੂੰ ਇਸ ਢੰਗ ਨਾਲ ਡਿਜ਼ਾਈਨ, ਨਿਰਮਾਣ, ਪ੍ਰਬੰਧਨ ਅਤੇ ਸੋਧਿਆ ਜਾਂਦਾ ਹੈ ਜਿਸ ਨਾਲ ਢਾਂਚਾਗਤ ਇਕਸਾਰਤਾ ਨੂੰ ਯਕੀਨੀ ਬਣਾਇਆ ਜਾ ਸਕੇ।

G 6.22 ਬਿਜਲੀ ਦੀਆਂ ਤਾਰਾਂ, ਲਾਈਟਿੰਗ ਅਤੇ ਗੈਸ ਉਪਕਰਣ ਸਹੀ ਤਰ੍ਹਾਂ ਨਾਲ ਸਥਾਪਿਤ ਕੀਤੇ ਜਾਂਦੇ ਅਤੇ ਪ੍ਰਬੰਧਿਤ ਕੀਤੇ ਜਾਂਦੇ ਹਨ।

## ਵਿਵਸਾਇਕ ਸਿਹਤ ਜਾਂਚਾਂ ਅਤੇ ਸਿਹਤ-ਸੰਭਾਲ ਸਹਾਇਤਾ

ਬੁਨਿਆਦੀ (BASIC)

G 6.23 ਗੈਰ-ਕੰਮ ਸੰਬੰਧੀ ਸਿਹਤ ਜਾਂਚ, ਜਿਵੇਂ ਕਿ ਗਰਭ-ਅਵਸਥਾ ਜਾਂ HIV ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ।

ਅਗਾਊਂ (ADVANCED)

G 6.24 ਕੰਮ ਦੇ ਨਤੀਜੇ ਵਜੋਂ ਸਿਹਤ 'ਤੇ ਪੈਣ ਵਾਲੇ ਪ੍ਰਭਾਵਾਂ ਦੀ ਪਛਾਣ ਕਰਨ ਲਈ *ਕਰਮਚਾਰੀਆਂ* ਨੂੰ ਨਿਯਮਿਤ ਤੌਰ 'ਤੇ ਪੇਸ਼ੇਵਰ ਸਿਹਤ ਜਾਂਚਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਸਿਹਤ ਜਾਂਚਾਂ ਪੇਸ਼ੇਵਰਾਂ ਦੁਆਰਾ ਕੀਤੀਆਂ ਜਾਂਦੀਆਂ ਹਨ। ਲੱਭਤਾਂ ਨੂੰ ਗੁਪਤ ਰੱਖਿਆ ਜਾਂਦਾ ਹੈ ਅਤੇ ਸਿਹਤ ਦੇਖਭਾਲ ਪੇਸ਼ੇਵਰਾਂ ਦੁਆਰਾ ਕੰਮ ਦੀ ਸਥਿਤੀ ਜਾਂ ਕੰਮ ਵਾਲੀ ਥਾਂ 'ਤੇ ਸੰਭਾਵੀ ਵਿਵਸਥਾਵਾਂ ਬਾਰੇ ਸਿਫਾਰਸ਼ਾਂ ਜਾਰੀ ਕਰਨ ਲਈ ਵਰਤਿਆ ਜਾਂਦਾ ਹੈ।

ਸ੍ਰੇਸ਼ਠ (EXCELLENT)

G 6.25 *ਕਰਮਚਾਰੀ* ਲਾਗੂ ਕਾਨੂੰਨਾਂ ਦੁਆਰਾ ਪਰਿਭਾਸ਼ਿਤ ਸਿਹਤ-ਸੰਭਾਲ ਤੋਂ ਇਲਾਵਾ ਸਿਹਤ-ਸੰਭਾਲ ਸਹਾਇਤਾਪ੍ਰਾਪਤ ਕਰਦੇ ਹਨ।



# 7 ਕੰਮ ਕਰਨ ਅਤੇ ਰਹਿਣ ਦੇ ਹਾਲਾਤ ਸਹੀ ਹਨ

**ਕੰਮ ਕਰਨ ਦੇ ਹਾਲਾਤ**

ਬੁਨਿਆਦੀ (BASIC)

G 7.1 ਕੰਮ ਕਰਨ ਦਾ ਮਾਹੌਲ ਸਾਫ਼, ਸਿਹਤ ਲਈ ਚੰਗਾ, ਅਤੇ ਚੰਗੀ ਤਰ੍ਹਾਂ ਨਾਲ ਸੰਭਾਲਿਆ ਗਿਆ ਹੁੰਦਾ ਹੈ ਅਤੇ ਇਸ ਵਿੱਚ ਲੋੜੀਂਦੀ ਰੋਸ਼ਨੀ, ਹਵਾਦਾਰੀ ਅਤੇ, ਜਦੋਂ ਜ਼ਰੂਰੀ ਹੋਵੇ, ਹੀਟਿੰਗ ਹੁੰਦੀ ਹੈ।

G 7.2 ਉਹ ਸਥਾਨ ਜਿੱਥੇ *ਕਰਮਚਾਰੀ* ਖਾ ਸਕਦੇ ਹਨ ਅਤੇ ਆਰਾਮ ਕਰ ਸਕਦੇ ਹਨ, ਕਿਸੇ ਵੀ *ਖਤਰਿਆਂ* ਜੋਖਮ ਤੋਂ ਦੂਰ ਹਨ ਅਤੇ *ਕਰਮਚਾਰੀਆਂ* ਦੀ ਸੰਖਿਆ ਦੇ ਅਨੁਰੂਪ ਹੁੰਦੇ ਹਨ।

G 7.3 ਟਾਇਲਟ ਮੁਫਤ, ਸਾਫ਼-ਸੁਥਰੀਆਂ, *ਕੰਮਕਾਜੀ ਘੰਟਿਆਂ* ਦੌਰਾਨ ਪਹੁੰਚਯੋਗ, ਮੁਢਲੀਆਂ ਸਪਲਾਈਆਂ ਨਾਲ ਲੈਸ ਅਤੇ *ਕਰਮਚਾਰੀਆਂ* ਦੀ ਸੰਖਿਆ ਦੇ ਅਨੁਰੂਪ ਹੁੰਦੀਆਂ ਹਨ।

G 7.4 ਅਸੀਮਤ, ਸਾਫ ਪੀਣ ਵਾਲਾ ਪਾਣੀ ਮੁਫਤ ਅਤੇ ਕੰਮ ਦੇ ਖੇਤਰ ਤੋਂ ਵਾਜਬ ਦੂਰੀ ਦੇ ਅੰਦਰ ਉਪਲਬਧ ਹੁੰਦਾ ਹੈ।

# 8 ਗ੍ਰਿਹ ਦੀ ਰੱਖਿਆ ਕੀਤੀ ਜਾਂਦੀ ਹੈ

## ਵਾਤਾਵਰਣ ਸਬੰਧੀ ਪ੍ਰਭਾਵ

**ਲਾਜ਼ਮੀ (MUST)**

G 8.1 ਕੋਈ ਵੀ *ਗੰਭੀਰ ਵਾਤਾਵਰਣਕ ਪ੍ਰਦੂਸ਼ਣ* ਨਹੀਂ ਹੈ। *ਗੰਭੀਰ ਵਾਤਾਵਰਣਕ ਪ੍ਰਦੂਸ਼ਣ* ਦੇ ਕਿਸੇ ਵੀ ਮਾਮਲੇ ਦੀ ਤੁਰੰਤ IKEA ਨੂੰ ਰਿਪੋਰਟ ਕੀਤੀ ਜਾਂਦੀ ਹੈ।

**ਬੁਨਿਆਦੀ (BASIC)**

G 8.2 ਵਾਤਾਵਰਣ ਸੰਬੰਧੀ ਸ਼ਿਕਾਇਤਾਂ ਦਰਜ ਕੀਤੀਆਂ ਜਾਂਦੀਆਂ ਹਨ ਅਤੇ ਉਹਨਾਂ 'ਤੇ ਕਾਰਵਾਈ ਕੀਤੀ ਜਾਂਦੀ ਹੈ।

G 8.3 ਮੌਜੂਦਾ ਜਾਂ ਪਿਛਲੀਆਂ ਗਤੀਵਿਧੀਆਂ ਦੇ ਕਾਰਨ ਜ਼ਮੀਨੀ ਦੂਸ਼ਣ ਦੇ ਜੋਖਮ ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਇਸ 'ਤੇ ਕਾਰਵਾਈ ਕੀਤੀ ਜਾਂਦੀ ਹੈ।

G 8.4 ਵਾਤਾਵਰਣਕ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਦੇ ਤਰੀਕੇ ਲੱਭਣ ਲਈ ਵਾਤਾਵਰਣਕ ਜੋਖਮਾਂ ਅਤੇ ਪ੍ਰਭਾਵਾਂ ਦੀ ਪਛਾਣ ਅਤੇ ਮੁਲਾਂਕਣ ਕੀਤਾ ਜਾਂਦਾ ਹੈ। ਵਾਤਾਵਰਣਕ ਸੁਧਾਰ ਦੀਆਂ ਯੋਜਨਾਵਾਂ ਹਰ 12 ਮਹੀਨਿਆਂ ਵਿੱਚ ਲਾਗੂ, ਸਮੀਖਿਆ ਅਤੇ ਅੱਪਡੇਟ ਕੀਤੀਆਂ ਜਾਂਦੀਆਂ ਹਨ।

**ਅਗਾਊਂ (ADVANCED)**

G 8.5 ਵਾਤਾਵਰਣ ਪ੍ਰਭਾਵਾਂ ਬਾਰੇ ਮੁਲਾਂਕਣ ਕਰਦਿਆਂ ਕਾਰਜਸ਼ੀਲ ਅਤੇ ਢਾਂਚਾਗਤ ਤਬਦੀਲੀਆਂ ਦਾ ਮੁਲਾਂਕਣ ਕੀਤਾ ਜਾਂਦਾ ਹੈ।

## ਹਵਾਈ ਪ੍ਰਦੂਸ਼ਣ ਅਤੇ ਜਲਵਾਯੂ

**ਬੁਨਿਆਦੀ (BASIC)**

G 8.6 ਮੌਜੂਦਾ ਊਰਜਾ ਸਰੋਤਾਂ ਦੀ ਜਾਣਕਾਰੀ ਹੈ ਅਤੇ *ਨਵਿਆਉਣਯੋਗ* ਊਰਜਾ ਸਰੋਤਾਂ ਵਿੱਚ ਤਬਦੀਲ ਕਰਨ ਦੀਆਂ ਸੰਭਾਵਨਾਵਾਂ ਦੀ ਪਛਾਣ ਕੀਤੀ ਜਾ ਰਹੀ ਹੈ।

**ਅਗਾਊਂ (ADVANCED)**

G 8.7 ਪੈਦਾ ਕੀਤੀ ਗਈ ਜਾਂ ਖਰੀਦੀ ਗਈ, ਸਾਰੀ ਖਪਤ ਕੀਤੀ ਬਿਜਲੀ, *ਨਵਿਆਉਣਯੋਗ* ਊਰਜਾ ਦੇ ਸਰੋਤਾਂ ਤੋਂ ਆਉਂਦੀ ਹੈ।

G 8.8 ਕੋਈ *ਓਜ਼ੋਨ ਖ਼ਤਮ ਕਰਨ ਵਾਲੇ ਪਦਾਰਥ* ਜਾਂ *ਹਾਈਡ੍ਰੋਫਲੂਓਰੋਕਾਰਬਨ* ਨਹੀਂ ਵਰਤੇ ਜਾਂਦੇ ਹਨ।

G 8.9 ਸਾਈਟ 'ਤੇ ਕੋਈ ਜੀਵਾਸ਼ਮ ਕੋਲਾ- ਜਾਂ ਤੇਲ ਅਧਾਰਤ ਬਾਲਣ ਊਰਜਾ ਦੇ ਮੁੱਢਲੇ ਸਰੋਤ ਵਜੋਂ ਨਹੀਂ ਵਰਤੇ ਜਾਂਦੇ ਹਨ।

**ਸ੍ਰੇਸ਼ਠ (EXCELLENT)**

G 8.10 ਹਵਾ ਪ੍ਰਦੂਸ਼ਕਾਂ ਅਤੇ *ਗ੍ਰੀਨਹਾਉਸ ਗੈਸਾਂ* ਦੇ ਨਿਕਾਸ ਨੂੰ ਨਿਰੰਤਰ ਰੂਪ ਵਿੱਚ ਘਟਾਇਆ ਜਾਂਦਾ ਹੈ ਤਾਂ ਜੋ ਵਿਸ਼ਵ-ਵਿਆਪੀ ਤਾਪਮਾਨ ਵਿੱਚ ਵਾਧਾ 2° ਸੈਲਸੀਅਸ ਤੋਂ ਹੇਠਾਂ ਸੀਮਿਤ ਕੀਤਾ ਜਾ ਸਕੇ, ਅਤੇ ਸਦੀ ਦੇ ਅੰਤ ਤਕ ਦਾ ਟੀਚਾ 1.5° ਡਿਗਰੀ ਸੈਲਸੀਅਸ ਹੈ, (ਜਿਵੇਂ ਕਿ ਪੈਰਿਸ ਸਮਝੌਤੇ ਵਿੱਚ ਨਿਰਧਾਰਤ ਕੀਤਾ ਗਿਆ ਹੈ)।

G 8.11 ਪੈਦਾ ਕੀਤੀ ਗਈ ਜਾਂ ਖਰੀਦੀ ਗਈ, ਸਾਰੀ ਖਪਤ ਕੀਤੀ ਊਰਜਾ, *ਨਵਿਆਉਣਯੋਗ* ਊਰਜਾ ਦੇ ਸਰੋਤਾਂ ਤੋਂ ਆਉਂਦੀ ਹੈ।

## ਸੰਭਾਲ ਅਤੇ ਜੈਵ ਵਿਭਿੰਨਤਾ

**ਬੁਨਿਆਦੀ (BASIC)**

G 8.12 ਵਪਾਰਕ ਗਤੀਵਿਧੀਆਂ *ਉੱਚ ਸੰਭਾਲ ਮੁੱਲ ਵਾਲੇ ਖੇਤਰਾਂ* ਵਿੱਚ ਆਯੋਜਿਤ ਨਹੀਂ ਕੀਤੀਆਂ ਜਾਂਦੀਆਂ ਹਨ, ਜਦ ਤੱਕ ਕਿ ਖੇਤਰ ਨੂੰ IKEA ਦੁਆਰਾ ਮਾਨਤਾ ਪ੍ਰਾਪਤ ਪ੍ਰਣਾਲੀ ਦੇ ਅਨੁਸਾਰ ਪ੍ਰਮਾਣਤ ਨਾ ਕੀਤਾ ਗਿਆ ਹੋਵੇ।

**ਅਗਾਊਂ (ADVANCED)**

G 8.13 ਜੀਵ *ਵਿਭਿੰਨਤਾ* ਦੇ ਸਮਰਥਨ ਲਈ ਪਹਿਲਕਦਮੀਆਂ ਲਾਗੂ ਕੀਤੀਆਂ ਜਾਂਦੀਆਂ ਹਨ।



# 9 ਪਾਣੀ ਅਤੇ ਕੂੜੇ ਸਮੇਤ, ਸਰੋਤਾਂ ਨੂੰ ਇੱਕ ਟਿਕਾਊ ਅਤੇ ਚੱਕਰਦਾਰ ਤਰੀਕੇ ਨਾਲ ਪ੍ਰਬੰਧਿਤ ਕੀਤਾ ਜਾਂਦਾ ਹੈ

## ਪਾਣੀ

**ਬੁਨਿਆਦੀ (BASIC)**

G 9.1 ਇਸ ਬਾਰੇ ਜਾਣਕਾਰੀ ਉਪਲਬਧ ਹੈ ਕਿ ਕਿਸ ਕਿਸਮ ਦੇ ਆਉਣ ਵਾਲੇ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਗੰਦੇ ਪਾਣੀ ਦਾ ਕਿਵੇਂ, ਕਿੱਥੇ ਅਤੇ ਕਿਸ ਦੁਆਰਾ ਇਲਾਜ ਕੀਤਾ ਜਾਂਦਾ ਹੈ।

**ਅਗਾਊਂ (ADVANCED)**

G 9.2 ਜੇ ਸੰਚਾਲਨਾਂ ਵਿੱਚ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਪਾਣੀ ਦੀ ਵਰਤੋਂ ਅਤੇ ਨਿਕਾਸ ਨੂੰ ਘਟਾਉਣ ਦੇ ਮੌਕਿਆਂ ਨੂੰ ਪਛਾਣ ਕੇ ਲਾਗੂ ਕੀਤਾ ਜਾਂਦਾ ਹੈ।

**ਸ੍ਰੇਸ਼ਠ (EXCELLENT)**

G 9.3 ਜੇ ਸੰਚਾਲਨਾਂ ਵਿੱਚ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ *ਉੱਚ ਗੁਣਵੱਤਾ ਵਾਲੇ ਪਾਣੀ* ਦੀ ਵਰਤੋਂ ਨੂੰ ਸੀਮਿਤ ਕਰਨ ਦੀਆਂ ਸੰਭਾਵਨਾਵਾਂ ਦੀ ਪਛਾਣ ਕੀਤੀ ਜਾਂਦੀ ਹੈ। *ਉੱਚ ਗੁਣਵੱਤਾ ਵਾਲੇ ਪਾਣੀ* ਦੀ ਵਰਤੋਂ ਨੂੰ ਸੀਮਿਤ ਕਰਨ ਲਈ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ , ਜਿਸਦੇ ਨਤੀਜੇ ਵਜੋਂ ਸੁਧਾਰ ਹੁੰਦੇ ਹਨ।

## ਕੂੜੇ ਦਾ ਪ੍ਰਬੰਧਨ

**ਬੁਨਿਆਦੀ (BASIC)**

G 9.4 ਕੂੜੇ ਦੀ ਸਟੋਰੇਜ, ਸੰਭਾਲ, ਢੋਆ-ਢੁਆਈ ਅਤੇ ਨਿਪਟਾਰਾ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਜਿਸ ਨਾਲ ਕਰਮਚਾਰੀਆਂ ਅਤੇ ਵਾਤਾਵਰਣ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕੀਤੀ ਜਾ ਸਕੇ। ਸਾਈਟ 'ਤੇ ਕੋਈ ਵੀ ਕੂੜਾ-ਕਰਕਟ ਜ਼ਮੀਨ ਵਿੱਚ ਨਹੀਂ ਦਬਾਇਆ ਜਾਂਦਾ ਹੈ। ਖਤਰਨਾਕ ਅਤੇ ਗੈਰ-ਖਤਰਨਾਕ ਕੂੜੇ ਨੂੰ ਵੱਖਰਾ ਰੱਖਿਆ ਜਾਂਦਾ ਹੈ।

G 9.5 ਕੂੜੇ ਨੂੰ ਸਾਈਟ 'ਤੇ ਜਲਾਇਆ ਨਹੀਂ ਜਾਂਦਾ ਹੈ, ਜਦ ਤਕ ਇਹ ਊਰਜਾ ਨੂੰ ਮੁੜ ਪ੍ਰਾਪਤ ਕਰਨ ਦੇ ਉਦੇਸ਼ ਨਾਲ ਨਾ ਹੋਵੇ।

G 9.6 ਇਸ ਬਾਰੇ ਰਿਕਾਰਡ ਉਪਲਬਧ ਹਨ ਕਿ ਕੂੜੇ ਦਾ ਕਿਸ ਤਰ੍ਹਾਂ, ਕਿੱਥੇ, ਕਿੰਨਾ ਅਤੇ ਕਿਸ ਦੁਆਰਾ ਨਿਪਟਾਰਾ ਕੀਤਾ ਜਾਂਦਾ ਹੈ।

G 9.7 ਕੂੜੇ ਨੂੰ ਮਨ੍ਹਾਂ ਕਰਨ, ਘਟਾਉਣ, ਮੁੜ ਵਰਤਣ ਅਤੇ ਰੀਸਾਈਕਲ ਕਰਨ ਦੇ ਮੌਕਿਆਂ ਨੂੰ ਪਛਾਣ ਕੇ ਲਾਗੂ ਕੀਤਾ ਜਾਂਦਾ ਹੈ।

**ਅਗਾਊਂ (ADVANCED)**

G 9.8 ਲੈਂਡਫਿਲ ਵਿੱਚ ਕੋਈ ਕੂੜਾ ਨਹੀਂ ਭੇਜਿਆ ਜਾਂਦਾ ਹੈ।

**ਸ੍ਰੇਸ਼ਠ (EXCELLENT)**

G 9.9 ਸਾਰੇ ਕੂੜੇ ਨੂੰ ਮੁੜ ਵਰਤਿਆ ਜਾਂਦਾ ਹੈ ਜਾਂ ਰੀਸਾਈਕਲ ਕੀਤਾ ਜਾਂਦਾ ਹੈ।



# ਸ਼ਬਦਾਵਲੀ

***ਦੁਰਘਟਨਾ***

ਇੱਕ ਅਜਿਹਾ ਹਾਦਸਾ ਜਾਂ ਘਟਨਾ ਜੋ ਅਚਾਨਕ ਅਤੇ ਅਣਜਾਣੇ ਵਿੱਚ ਵਾਪਰਦੀ ਹੈ, ਜਿਸਦਾ ਨਤੀਜਾ ਸੱਟ, ਬਿਮਾਰੀ ਜਾਂ ਮੌਤ ਦੇ ਰੂਪ ਵਿੱਚ ਨਿਕਲਦਾ ਹੈ।

***ਅਧਾਰਕ ਸਥਾਨ***

ਰੁਜ਼ਗਾਰ ਇਕਰਾਰਨਾਮੇ ਵਿੱਚ ਪ੍ਰਭਾਸ਼ਿਤ ਸਥਾਨ। ਇਹ ਜਾਂ ਤਾਂ ਨਿਯਮਿਤ ਕੰਮ ਕਰਨ ਵਾਲੀ ਥਾਂ ਜਾਂ ਦਫਤਰ ਹੁੰਦਾ ਹੈ ਜਿਸ ਨਾਲ ਇਕਰਾਰਨਾਮਾ ਜੁੜਿਆ ਹੁੰਦਾ ਹੈ।

***ਕਾਰੋਬਾਰੀ ਨੈਤਿਕਤਾ***

ਕਾਰੋਬਾਰ ਕਰਨ ਵੇਲੇ ਨੈਤਿਕ ਤੌਰ 'ਤੇ ਸਹੀ ਜਾਂ ਗਲਤ ਕੀ ਹੈ ਇਹ ਨਿਰਣਾ ਕਰਨ ਲਈ ਨਿਯਮ, ਸਿਧਾਂਤ ਅਤੇ ਮਾਪਦੰਡ।

***ਬੱਚੇ***

18 ਸਾਲ ਤੋਂ ਘੱਟ ਉਮਰ ਦੇ ਵਿਅਕਤੀ, ਜਦੋਂ ਤੱਕ ਬੱਚੇ 'ਤੇ ਲਾਗੂ ਹੋਣ ਵਾਲੇ ਕਾਨੂੰਨ ਅਧੀਨ, ਬਾਲਗਪੁਣਾ ਪਹਿਲਾਂ ਨਹੀਂ ਆ ਜਾਂਦਾ।

***ਬਾਲ ਮਜ਼ਦੂਰੀ***

ਕੰਮ ਕਰਨ ਦੀ ਘੱਟੋ-ਘੱਟ ਕਾਨੂੰਨੀ ਉਮਰ ਤੋਂ ਹੇਠਾਂ ਦੇ ਬੱਚਿਆਂ ਦੁਆਰਾ ਕੀਤਾ ਜਾਂਦਾ ਕੰਮ ਜੋ ਉਹਨਾਂ ਤੋਂ ਉਹਨਾਂ ਦਾ ਬਚਪਨ, ਸੰਭਾਵਨਾ ਅਤੇ ਮਾਣ ਖੋਹ ਲੈਂਦਾ ਹੈ ਅਤੇ ਇਹ ਉਹਨਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਨੁਕਸਾਨਦੇਹ ਹੈ। ਇਸ ਤੋਂ ਇਲਾਵਾ, 18 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਦੁਆਰਾ ਕੀਤੇ ਕੰਮ ਨੂੰ ਵੀ, ਕੰਮ ਦੀ ਕਿਸਮ ਅਤੇ ਕੰਮ ਦੇ ਘੰਟਿਆਂ ਅਤੇ ਉਹਨਾਂ ਹਾਲਾਤ, ਜਿਨ੍ਹਾਂ ਅਧੀਨ ਕੰਮ ਕੀਤਾ ਜਾਂਦਾ ਹੈ, ਦੇ ਆਧਾਰ 'ਤੇ "*ਬਾਲ ਮਜ਼ਦੂਰੀ*" ਮੰਨਿਆ ਜਾ ਸਕਦਾ ਹੈ।

***ਸਮੂਹਿਕ ਸੌਦੇਬਾਜ਼ੀ***

ਰੁਜ਼ਗਾਰਦਾਤਾ ਅਤੇ *ਕਰਮਚਾਰੀ* ਦੇ ਨੁਮਾਇੰਦਿਆਂ ਦਰਮਿਆਨ ਗੱਲਬਾਤ , ਜਿਹਾਂ ਨੂੰ *ਕਰਮਚਾਰੀਆਂ* ਦੁਆਰਾ ਮੁਕਤ ਅਤੇ ਸੁਤੰਤਰ ਤੌਰ 'ਤੇ ਚੁਣਿਆ ਜਾਂਦਾ ਹੈ।

***ਵਿਤਕਰਾ***

ਵਿਤਕਰਾ ਉਦੋਂ ਹੁੰਦਾ ਹੈ ਜਦੋਂ ਕਿਸੇ ਵਿਅਕਤੀ ਨਾਲ ਤੁਲਨਾਤਮਕ ਸਥਿਤੀ ਵਿੱਚ ਅਜਿਹੇ ਆਧਾਰਾਂ 'ਤੇ ਦੂਸਰੇ ਵਿਕਅਤੀ ਨਾਲੋਂ ਘੱਟ ਅਨੁਕੂਲ ਵਿਵਹਾਰ ਕੀਤਾ ਜਾਂਦਾ ਹੈ ਜੋ ਉਸ ਕੰਮ ਨੂੰ ਕਰਨ ਦੀ ਉਸਦੀ ਯੋਗਤਾ ਨਾਲ ਸੰਬੰਧਿਤ ਨਹੀਂ ਹੁੰਦੇ ਹਨ।

ਵਿਤਕਰੇ ਲਈ ਆਧਾਰਾਂ ਵਿੱਚ ਸ਼ਾਮਲ ਹਨ: ਉਮਰ, ਲਿੰਗ ਪਛਾਣ, ਜਿਨਸੀ ਝੁਕਾਅ, ਮਾਨਸਿਕ ਜਾਂ ਸਰੀਰਕ ਅਸਮਰਥਤਾ, ਨਸਲ, ਰਾਸ਼ਟਰੀਅਤਾ, ਧਰਮ, ਵਿਆਹੁਤਾ ਜਾਂ ਪਰਿਵਾਰਕ ਸਥਿਤੀ ਜਾਂ ਕਿਸੇ ਵਿਅਕਤੀ ਦੀ ਪਛਾਣ ਦਾ ਕੋਈ ਹੋਰ ਪਹਿਲੂ ਜਿਸਦਾ ਨੌਕਰੀ ਕਰਨ ਦੀ ਉਸਦੀ ਸਮਰੱਥਾ ਨਾਲ ਕੋਈ ਸਬੰਧ ਨਹੀਂ ਹੁੰਦਾ।

***ਬਰਖਾਸਤ ਕਰਨਾ***

ਉਹ ਸਥਿਤੀ ਜਿਸ ਵਿੱਚ ਰੁਜ਼ਗਾਰਦਾਤਾ ਦੁਆਰਾ ਅਧਿਕਾਰਤ ਤੌਰ 'ਤੇ ਕਿਸੇ ਨੂੰ ਕਿਸੇ ਕਾਰਨ ਕਰਕੇ ਉਸਦੀ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ, ਜਦ ਤੱਕ ਕਿ ਇਹ ਕਿਸੇ ਅਨੁਸ਼ਾਸਨੀ ਪ੍ਰਕ੍ਰਿਆ ਦੇ ਨਤੀਜੇ ਵਜੋਂ ਨਾ ਹੋਵੇ ਜਿਸ 'ਤੇ *ਕਰਮਚਾਰੀ* ਦੁਆਰਾ ਸਹਿਮਤੀ ਨਾ ਦਿੱਤੀ ਗਈ ਹੋਵੇ ਜਾਂ ਵਿਰੋਧ ਕੀਤਾ ਗਿਆ ਹੋਵੇ ਜਾਂ ਅਧਿਕਾਰੀਆਂ ਦੁਆਰਾ ਇਸਦੀ ਪੁਸ਼ਟੀ ਨਾ ਕੀਤੀ ਗਈ ਹੋਵੇ। ਇਸ ਵਿੱਚ ਉਹ ਮਾਮਲੇ ਸ਼ਾਮਲ ਹੁੰਦੇ ਹਨ ਜਿੱਥੇ *ਕਰਮਚਾਰੀਆਂ* ਦੀ ਕੰਮ ਤੋਂ ਛੁੱਟੀ ਕਰ ਦਿੱਤੀ ਜਾਂਦੀ ਹੈ ਜਾਂ ਉਹਨਾਂ ਦੀ ਛਾਂਟੀ ਕਰ ਦਿੱਤੀ ਜਾਂਦੀ ਹੈ।

***ਵਿਭਿੰਨਤਾ***

*ਵਿਭਿੰਨਤਾ* ਲੋਕਾਂ ਵਿੱਚ ਸਮਾਨਤਾਵਾਂ ਅਤੇ ਅੰਤਰਾਂ ਨੂੰ ਦਰਸਾਉਂਦੀ ਹੈ, ਜਿਸ ਵਿੱਚ ਉਮਰ, ਲਿੰਗੀ ਪਛਾਣ, ਜਿਨਸੀ ਝੁਕਾਅ, ਮਾਨਸਿਕ ਜਾਂ ਸਰੀਰਕ ਅਸਮਰਥਤਾ, ਨਸਲ, ਰਾਸ਼ਟਰੀਅਤਾ, ਧਰਮ, ਵਿਆਹੁਤਾ ਜਾਂ ਪਰਿਵਾਰਕ ਸਥਿਤੀ ਜਾਂ ਉਹਨਾਂ ਦੀ ਪਛਾਣ ਦਾ ਕੋਈ ਹੋਰ ਪਹਿਲੂ ਸ਼ਾਮਲ ਹੈ।

***ਸੰਕਟਕਾਲ ਵਿੱਚ ਬਾਹਰ ਨਿਕਲਣ ਦਾ ਦਰਵਾਜ਼ਾ***

ਸੰਕਟਕਾਲ ਵਿੱਚ ਬਾਹਰ ਨਿਕਲਣ ਦੇ ਦਰਵਾਜ਼ੇ ਨੂੰ ਪ੍ਰਕਾਸ਼ਮਾਨ ਕੀਤਾ ਜਾਂਦਾ ਹੈ ਜਾਂ ਹਨੇਰੇ ਵਿੱਚ ਚਮਕਣ ਵਾਲੇ ਚਿੰਨ੍ਹਾਂ ਨਾਲ ਸੰਕੇਤਬੱਧ ਕੀਤਾ ਜਾਂਦਾ ਹੈ। ਦਰਵਾਜ਼ਾ ਬਾਹਰ ਵੱਲ ਖੁੱਲ੍ਹਦਾ ਹੈ, ਇਸ ਨੂੰ ਤਾਲਾਬੰਧ ਨਹੀਂ ਕੀਤਾ ਜਾਂਦਾ ਹੈ ਅਤੇ ਹਰ ਸਮੇਂ ਰੁਕਾਵਟ ਤੋਂ ਰਹਿਤ ਹੁੰਦਾ ਹੈ।

***ਸੰਕਟਕਾਲੀ ਪ੍ਰਤਿਕਿਰਿਆ ਟੀਮ***

ਸੰਕਟਕਾਲ ਵਿੱਚ ਪ੍ਰਤਿਕਿਰਿਆ ਦਾ ਤਾਲਮੇਲ ਕਰਨ ਲਈ ਢੁਕਵੀਂ ਸਮਰੱਥਾ ਵਾਲੇ *ਕਰਮਚਾਰੀਆਂ* ਦੀ ਟੀਮ: ਸੰਕਟਕਾਲ ਦਾ ਮੁਲਾਂਕਣ ਕਰਨਾ, ਤੁਰੰਤ ਫੈਸਲਾ ਲੈਣਾ, ਸਥਾਨਕ ਅਧਿਕਾਰੀਆਂ ਅਤੇ ਸੰਕਟਕਾਲੀ ਸੇਵਾਵਾਂ ਨੂੰ ਸਹਾਇਤਾ ਦੇਣੀ, ਅਤੇ ਬਾਹਰੀ ਅਤੇ ਅੰਦਰੂਨੀ ਸੰਚਾਰ।

***ਸੰਕਟਕਾਲੀ ਰਸਤਾ***

ਸੰਕਟਕਾਲ ਵਿੱਚ ਬਾਹਰ ਨਿਕਲਣ ਦੇ ਦਰਵਾਜ਼ੇ ਵੱਲ ਜਾਣ ਵਾਲਾ ਸੰਕਟਕਾਲੀ ਮਾਰਗ। ਰਸਤੇ ਨੂੰ ਹਰ ਸਮੇਂ ਰੁਕਾਵਟ ਰਹਿਤ ਰੱਖਿਆ ਜਾਂਦਾ ਹੈ।

***ਸਮਾਨਤਾ***

ਸਮਾਨਤਾ ਦਾ ਅਰਥ ਹੈ ਕਿ ਹਰੇਕ ਨਾਲ ਉਚਿਤ ਵਿਵਹਾਰ ਕੀਤਾ ਜਾਵੇਗਾ ਅਤੇ ਉਹਨਾਂ ਦੇ ਪਿਛੋਕੜ ਅਤੇ ਉਹਨਾਂ ਦੇ ਵਿਅਕਤੀਗਤ ਅੰਤਰਾਂ ਦੀ ਪਰਵਾਹ ਕੀਤੇ ਬਿਨਾਂ, ਉਹਨਾਂ ਨੂੰ ਬਰਾਬਰ ਦੇ ਮੌਕੇ ਮੁਹੱਈਆ ਕੀਤੇ ਜਾਣਗੇ। ਸਮਾਨਤਾ ਦਾ ਅਰਥ ਕਿਸੇ ਵੀ ਕਿਸਮ ਦੇ ਵਿਤਕਰੇ ਦਾ ਨਾ ਹੋਣਾ ਵੀ ਹੈ।

***ਜਬਰੀ, ਬੰਧੂਆ ਜਾਂ ਜੇਲ੍ਹ ਵਿੱਚ ਮਜ਼ਦੂਰੀ***

ਜਬਰੀ ਮਜ਼ਦੂਰੀ ਕੋਈ ਵੀ ਅਜਿਹਾ ਕੰਮ ਜਾਂ ਸੇਵਾ ਹੁੰਦੀ ਹੈ ਜੋ ਕਿਸੇ ਅਜਿਹੇ ਵਿਅਕਤੀ ਦੁਆਰਾ ਕਿਸੇ ਡਰਾਵੇ ਜਾਂ ਜ਼ੁਰਮਾਨੇ ਦੀ ਧਮਕੀ ਦੇ ਤਹਿਤ ਕੀਤੀ ਜਾਂਦੀ ਹੈ, ਅਤੇ ਜਿਸ ਵਿੱਚ ਵਿਅਕਤੀ ਆਪਣੀ ਮਰਜ਼ੀ ਨਾਲ ਦਾਖਲ ਨਹੀਂ ਹੋਇਆ ਹੈ।। ਇਸ ਵਿੱਚ ਨਿੱਜੀ ਸਮਾਨ ਜ਼ਬਤ ਕਰਨਾ, ਕਿਸੇ ਵੀ ਸਮੇਂ ਰੁਜ਼ਗਾਰ ਖ਼ਤਮ ਨਾ ਕਰ ਸਕਣਾ ਅਤੇ ਕੰਮ ਕਰਨ ਦੇ ਸਥਾਨ ਛੱਡ ਕੇ ਜਾਣ ਦੀ ਅਸਮਰਥਤਾ ਸ਼ਾਮਲ ਹੈ।

ਬੰਧੂਆ ਮਜ਼ਦੂਰੀ, ਜਬਰੀ ਮਜ਼ਦੂਰੀ ਦਾ ਇੱਕ ਰੂਪ ਹੈ ਜਿਸ ਵਿੱਚ *ਕਰਮਚਾਰੀ* ਸਿੱਧੇ ਜਾਂ ਅਸਿੱਧੇ ਤੌਰ 'ਤੇ, ਭਰਤੀ ਫੀਸਾਂ ਜਾਂ ਖਰਚਿਆਂ, ਜਮ੍ਹਾਂ ਰਕਮ ਦਾ ਭੁਗਤਾਨ ਕਰਨ, ਕਰਜ਼ਿਆਂ ਜਾਂ ਤਨਖਾਹਾਂ ਦੀ ਪੇਸ਼ਗੀ ਅਦਾਇਗੀ ਪ੍ਰਾਪਤ ਕਰਨ ਜਾਂ ਭੁਗਤਾਨਾਂ ਵਿੱਚ ਦੇਰੀ ਹੋਣ ਦੇ ਨਤੀਜੇ ਵਜੋਂ ਕਰਜ਼ੇ ਦੀ ਗੁਲਾਮੀ ਦੁਆਰਾ ਆਪਣੀ ਨੌਕਰੀ ਲਈ ਪਾਬੰਦ ਹੁੰਦੇ ਹਨ।

*ਜੇਲ੍ਹ ਵਿੱਚ ਮਜ਼ਦੂਰੀ* ਕੈਦੀਆਂ ਦੁਆਰਾ ਕੀਦਾ ਆ ਕੰਮ ਹੁੰਦੀ ਹੈ।

***ਮਜ਼ਦੂਰੀ ਦੇ ਬੁਨਿਆਦੀ ਹੱਕ***

IWAY ਦੇ ਮਕਸਦ ਲਈ, ਮਜ਼ਦੂਰੀ ਦੇ *ਬੁਨਿਆਦੀ ਹੱਕਾਂ* ਵਿੱਚ ਸ਼ਾਮਲ ਹੈ ਜਬਰੀ ਅਤੇ ਬੰਧੂਆ ਮਜ਼ਦੂਰੀ ਤੋਂ ਮੁਕਤੀ, ਗੈਰ-ਵਿਤਕਰਾ, ਸੰਘ ਬਣਾਉਣ ਦੀ ਸੁਤੰਤਰਤਾ ਅਤੇ ਸਮੂਹਿਕ ਸੌਦੇਬਾਜ਼ੀ ਦਾ ਹੱਕ।

***ਲਿੰਗ ਸੰਤੁਲਨ***

*ਲਿੰਗ ਸੰਤੁਲਨ* ਦਾ ਅਰਥ ਮਰਦਾਂ ਅਤੇ ਔਰਤਾਂ ਦੇ ਬਰਾਬਰ ਅਨੁਪਾਤ ਤੋਂ ਹੈ।

***ਗ੍ਰੀਨਹਾਉਸ ਗੈਸਾਂ***

ਕਿਯੋਟੋ ਪ੍ਰੋਟੋਕੋਲ ਦੁਆਰਾ ਪ੍ਰਭਾਸ਼ਿਤ ਸੱਤ *ਗ੍ਰੀਨਹਾਉਸ ਗੈਸਾਂ* ਵਿਚੋਂ ਕੋਈ ਵੀ ਗੈਸ, ਜਿਸਦਾ ਨਿਕਾਸ ਜਲਵਾਯੂ ਪਰਿਵਰਤਨ ਵਿੱਚ ਯੋਗਦਾਨ ਪਾਉਂਦਾ ਹੈ: ਕਾਰਬਨ ਡਾਈਆਕਸਾਈਡ ($CO_2$), ਮਿਥੇਨ ($CH_4$), ਨਾਈਟ੍ਰਸ ਆਕਸਾਈਡ ($N_2O$), ਸਲਫਰ ਹੈਕਸਾਫਲੋਰਾਈਡ ($SF_6$), ਹਾਈਡ੍ਰੋਫਲੋਰੋਕਾਰਬਨ (HFCs), ਨਾਈਟ੍ਰੋਜਨ ਟ੍ਰਾਈਫਲੋਰਾਈਡ ($NF_3$), ਅਤੇ ਪਰਫਲੂਰੋਕਾਰਬਨ (PFCs)। ਇਹ ਗੈਸਾਂ ਗ੍ਰੀਨਹਾਉਸ ਦੀ ਤਰ੍ਹਾਂ ਸੂਰਜ ਤੋਂ ਗਰਮੀ ਨੂੰ ਰੋਕ ਕੇ ਗਲੋਬਲ ਵਾਰਮਿੰਗ ਵਿੱਚ ਯੋਗਦਾਨ ਪਾਉਂਦੀਆਂ ਹਨ - ਜਿਸ ਨੂੰ ਗ੍ਰੀਨਹਾਉਸ ਪ੍ਰਭਾਵ ਕਿਹਾ ਜਾਂਦਾ ਹੈ।

***ਖ਼ਤਰਾ***

ਕੋਈ ਅਜਿਹੀ ਸਥਿਤੀ ਜਿਹੜੀ ਜ਼ਿੰਦਗੀ, ਸਿਹਤ ਜਾਂ ਵਾਤਾਵਰਣ ਲਈ ਖ਼ਤਰਾ ਪੇਸ਼ ਕਰਦੀ ਹੈ। ਇਸ ਵਿੱਚ ਸਰੀਰਕ, ਰਸਾਇਣਕ, ਜੀਵ-ਵਿਗਿਆਨਕ, ਅਰਗੋਨੋਮਿਕ ਜਾਂ ਵਿਵਸਾਇਕ ਖ਼ਤਰੇ ਸ਼ਾਮਲ ਹੋ ਸਕਦੇ ਹਨ।

***ਖਤਰਨਾਕ ਕੰਮ***

ਉਹ ਕੰਮ ਜਿਸ ਵਿੱਚ *ਕਰਮਚਾਰੀਆਂ* ਦੁਆਰਾਖ਼ਤਰਿਆਂ ਦਾ ਸਾਹਮਣਾ ਕਰਨ ਦੀ ਸੰਭਾਵਨਾ ਹੁੰਦੀ ਹੈ।

***ਉੱਚ ਸੰਭਾਲ ਮੁੱਲ ਵਾਲੇ ਖੇਤਰ***

ਉੱਚ ਸੰਭਾਲ ਮੁੱਲ ਵਾਲੇ ਸਰੋਤਾਂ ਦੇ ਨੈੱਟਵਰਕ ਦੁਆਰਾ ਪਰਭਾਸ਼ਿਤ ਜੈਵਿਕ, ਵਾਤਾਵਰਣਿਕ, ਸਮਾਜਿਕ ਜਾਂ ਸੱਭਿਆਚਾਰਕ ਮੁੱਲ ਵਾਲੇ ਖੇਤਰਾਂ ਜੋ ਰਾਸ਼ਟਰੀ, ਖੇਤਰੀ ਜਾਂ ਵਿਸ਼ਵ-ਵਿਆਪੀ ਪੱਧਰ ‘ਤੇ ਬਹੁਤ ਜ਼ਿਆਦਾ ਮਹੱਤਵ ਰੱਖਣ ਵਾਲੇ ਜਾਂ ਆਲੋਚਨਾਤਮਕ ਤੌਰ ‘ਤੇ ਮਹੱਤਵਪੂਰਨ ਹਨ।

***ਉੱਚ ਗੁਣਵੱਤਾ ਵਾਲਾ ਪਾਣੀ***

ਅਜਿਹਾ ਪਾਣੀ ਜਿਸ ਲਈ ਸਰੀਰਕ, ਰਸਾਇਣਕ, ਜੀਵ-ਵਿਗਿਆਨ ਵਿਸ਼ੇਸ਼ਤਾਵਾਂ ਪੀਣ ਵਾਲੇ ਪਾਣੀ ਨਾਲ ਮੇਲ ਖਾਂਦੀਆਂ ਹਨ ਜਾਂ ਇਸਦੀਆਂ ਸੀਮਾਵਾਂ ਦੇ ਨੇੜੇ ਹਨ।

***ਹਾਈਡ੍ਰੋਫਲੋਰੋਕਾਰਬਨ***

ਹਾਈਡ੍ਰੋਫਲੋਰੋਕਾਰਬਨ (HFCs) ਮਨੁੱਖ ਦੁਆਰਾ ਬਣਾਈ ਗਈ, ਫਲੋਰੀਨੇਟਿਡ ਗ੍ਰੀਨਹਾਊਸ ਗੈਸਾਂਹੁੰਦੀਆਂ ਹਨ। ਉਹ ਅਕਸਰ ਏਅਰ ਕੰਡੀਸ਼ਨਿੰਗ, ਫਰਿੱਜ, ਝੱਗ ਉਡਾਉਣ, ਅੱਗ ਬੁਝਾਉਣ ਵਾਲੇ ਪਦਾਰਥਾਂ, ਘੋਲਕਾਂ ਅਤੇ ਐਰੋਸੋਲਾਂ ਵਿੱਚ ਓਜ਼ੋਨ-ਖ਼ਤਮ ਕਰਨ ਵਾਲੇ ਪਦਾਰਥਾਂ ਦੇ ਬਦਲੇ ਵਜੋਂ ਵਰਤੀਆਂ ਜਾਂਦੀਆਂ ਹਨ।

***ਸ਼ਮੂਲੀਅਤ***

*ਸ਼ਮੂਲੀਅਤ* ਦਾ ਅਰਥ ਹੈ ਇੱਕ ਨਿਰਪੱਖ, ਸਿਹਤਮੰਦ, ਅਤੇ ਉੱਚ ਪ੍ਰਦਰਸ਼ਨ ਵਾਲੀ ਸੰਸਥਾ ਜਾਂ ਭਾਈਚਾਰਾ ਬਣਾਉਣ ਲਈ*ਵਿਭਿੰਨਤਾ* ਦਾ ਲਾਭ ਉਠਾਉਣਾ। ਇੱਕ *ਸ਼ਮੂਲੀਅਤ* ਵਾਲਾ ਵਾਤਾਵਰਣ ਸਾਰਿਆਂ ਲਈ ਸਰੋਤਾਂ ਅਤੇ ਮੌਕਿਆਂ ਤੱਕ ਉਚਿਤ ਪਹੁੰਚ ਨੂੰ ਯਕੀਨੀ ਬਣਾਉਂਦਾ ਹੈ। ਇਹ ਵਿਅਕਤੀਆਂ ਅਤੇ ਸਮੂਹਾਂ ਨੂੰ, ਉਹ ਕੌਣ ਹਨ ਅਤੇ ਸੰਗਠਨਾਤਮਕ ਅਤੇ ਸਮਾਜਿਕ ਟੀਚਿਆਂ ਵਿੱਚ ਉਹਨਾਂ ਦੇ ਯੋਗਦਾਨ ਲਈ, ਸੁਰੱਖਿਅਤ, ਸਤਿਕਾਰਤ, ਜੁੜਿਆ, ਪ੍ਰੇਰਿਤ ਅਤੇ ਮਹੱਤਵਪੂਰਨ ਮਹਿਸੂਸ ਕਰਨ ਦੇ ਯੋਗ ਬਣਾਉਂਦਾ ਹੈ।

***ਰਹਿਣ-ਸਹਿਣ ਦੇ ਖਰਚੇ***

ਜੀਵਨ ਦੀਆਂ ਮੁਢਲੀਆਂ ਜ਼ਰੂਰਤਾਂ, ਜਿਵੇਂ ਕਿ ਖਾਣਾ, ਪੀਣਾ, ਪਨਾਹ ਅਤੇ ਕੱਪੜੇ

***ਕੰਮ ਕਰਨ ਦੀ ਘੱਟੋ-ਘੱਟ ਕਾਨੂੰਨੀ ਉਮਰ***

ਕੰਮ ਕਰਨ ਦੀ ਘੱਟੋ-ਘੱਟ ਕਾਨੂੰਨੀ ਉਮਰ ਨੂੰ ਰਾਸ਼ਟਰੀ ਕਾਨੂੰਨ ਦੁਆਰਾ ਪਰਿਭਾਸ਼ਿਤ ਕੀਤੀ ਜਾਂਦੀ ਹੈ ਅਤੇ ਉਹ ਉਮਰ ਹੁੰਦੀ ਹੈ ਜਿਸ ‘ਤੇ ਕਿਸੇ ਵਿਅਕਤੀ ਨੂੰ ਰੁਜ਼ਗਾਰ ਦਿੱਤਾ ਜਾ ਸਕਦਾ ਹੈ।

***ਬਾਲ-ਬਾਲ ਬਚਣਾ***

ਕੋਈ ਬਾਲ-ਬਾਲ ਬਚਣਾ ਕੋਈ ਗੈਰ-ਯੋਜਨਾਬੱਧ ਘਟਨਾ ਹੁੰਦੀ ਹੈ, ਜਿਸ ਦਾ ਨਤੀਜਾ ਕਿਸੇ ਸੱਟ ਜਾਂ ਬੀਮਾਰੀ ਦੇ ਰੂਪ ਵਿੱਚ ਨਹੀਂ ਨਿਕਲਿਆ ਹੈ - ਪਰ ਅਜਿਹਾ ਹੋਣ ਦੀ ਸੰਭਾਵਨਾ ਸੀ। ਘਟਨਾਵਾਂ ਦੀ ਲੜੀ ਵਿੱਚ ਸਿਰਫ ਕਿਸੇ ਖੁਸ਼ਕਿਸਮਤੀ ਵਾਲੀ ਰੋਕ ਨੇ ਸੱਟ ਜਾਂ ਬਿਮਾਰੀ ਨੂੰ ਰੋਕ ਦਿੱਤਾ।

***ਨੋਟਿਸ ਦੀ ਮਿਆਦ***

ਨੌਕਰੀ ਦੀ ਸਮਾਪਤੀ ਦੇ ਨੋਟਿਸ ਅਤੇ ਕੰਮ ਕਰਨ ਦੇ ਆਖਰੀ ਦਿਨ ਦੇ ਵਿਚਕਾਰ ਸਮੇਂ ਦੀ ਮਿਆਦ। ਨੋਟਿਸ ਦੀ ਮਿਆਦ ਦਾ ਭੁਗਤਾਨ *ਕਰਮਚਾਰੀ* ਦੇ ਇਕਰਾਰਨਾਮੇ ਦੇ ਅਨੁਸਾਰ ਕੀਤਾ ਜਾਂਦਾ ਹੈ।

***ਓਜ਼ੋਨ ਖ਼ਤਮ ਕਰਨ ਵਾਲੇ ਪਦਾਰਥ***

ਰਸਾਇਣ ਜੋ ਧਰਤੀ ਦੇ ਉਪਰਲੇ ਵਾਤਾਵਰਣ ਵਿੱਚ ਓਜ਼ੋਨ ਪਰਤ ਨੂੰ ਨਸ਼ਟ ਕਰਦੇ ਹਨ। ਓਜ਼ੋਨ ਖ਼ਤਮ ਕਰਨ ਲਈ ਜ਼ਿੰਮੇਵਾਰ ਮਨੁੱਖ ਦੁਆਰਾ ਬਣਾਏ ਹੋਰ ਪਦਾਰਥਾਂ ਦੇ ਨਾਲ-ਨਾਲ ਇਹਨਾਂ ਵਿੱਚ ਕਲੋਰੋਫਲੋਰੋਕਾਰਬਨ (CFCs), ਹਾਈਡ੍ਰੋਕਲੋਰੋ-ਫਲੋਰੋਕਾਰਬਨ (HCFCs) ਅਤੇ ਹੈਲੋਨ ਸ਼ਾਮਲ ਹਨ। ਓਜ਼ਨ ਨੂੰ ਖ਼ਤਮ ਕਰਨ ਵਾਲੇ ਪਦਾਰਥਾਂ ਦੀ ਵਰਤੋਂ ਮਾਂਟਰੀਅਲ ਪ੍ਰੋਟੋਕੋਲ ਦੇ ਅਨੁਸਾਰ ਨਿਯੰਤਰਿਤ ਕੀਤੀ ਜਾਂਦੀ ਹੈ।

***ਪੈਰਿਸ ਸਮਝੌਤਾ***

ਸਾਲ 2020 ਤੋਂ ਸ਼ੁਰੂ ਕਰਦੇ ਹੋਏ, ਗ੍ਰੀਨਹਾਉਸ-ਗੈਸ-ਨਿਕਾਸੀ ਨੂੰ ਘਟਾਉਣ, ਅਨੁਕੂਲ ਬਣਾਉਣ ਅਤੇ ਵਿੱਤ ਨਾਲ ਨਜਿੱਠਣ ਲਈ, ਜਲਵਾਯੂ ਪਰਿਵਰਤਨ ਬਾਰੇ ਸੰਯੁਕਤ ਰਾਸ਼ਟਰ ਦੇ ਫਰੇਮਵਰਕ ਸੰਮੇਲਨ ਵਿੱਚ ਕੀਤਾ ਗਿਆ ਸਮਝੌਤਾ।

***ਪੇਅਸਲਿਪ***

ਹਰੇਕ ਤਨਖਾਹ ਦੀ ਮਿਆਦ ਦੇ ਅੰਤ ਤੇ *ਕਰਮਚਾਰੀ* ਨੂੰ ਦਿੱਤਾ ਜਾਂਦਾ ਭੌਤਿਕ ਜਾਂ ਇਲੈਕਟ੍ਰਾਨਿਕ ਨੋਟ, ਜੋ ਮੁਆਵਜ਼ੇ ਦੇ ਭਾਗਾਂ ਨੂੰ ਸਪਸ਼ਟ ਤੌਰ ‘ਤੇ ਦਰਸਾਉਂਦਾ ਹੈ। ਇਸ ਵਿੱਚ ਉਜਰਤਾਂ, ਲਾਭਾਂ, ਪ੍ਰੋਤਸਾਹਨਾਂ/ਬੋਨਸਾਂ ਅਤੇ ਕਿਸੇ ਵੀ ਕਟੌਤੀ ਲਈ ਸਹੀ ਰਕਮਾਂ ਸ਼ਾਮਲ ਹੁੰਦੀਆਂ ਹਨ।

***ਨਵਿਆਉਣਯੋਗ ਊਰਜਾ***

ਨਵਿਆਉਣ ਯੋਗ ਗੈਰ-ਜੀਵਾਸ਼ਮ ਊਰਜਾ ਸਰੋਤਾਂ ਤੋਂ ਸਾਰੇ ਊਰਜਾ ਸਰੋਤ ਜੋ ਮਨੁੱਖੀ ਸਮਾਂ-ਮਿਆਦ ਦੇ ਦੌਰਾਨ ਕੁਦਰਤੀ ਤੌਰ ‘ਤੇ ਦੁਬਾਰਾ ਭਰਪੂਰ ਹੋ ਜਾਂਦੇ ਹਨ। *ਨਵਿਆਉਣਯੋਗ* ਊਰਜਾ ਵਿੱਚ ਹੇਠ ਦਿੱਤੇ ਊਰਜਾ ਦੇ ਸਰੋਤ ਸ਼ਾਮਲ ਹਨ: ਹਵਾ, ਸੂਰਜੀ, ਪੌਣ ਬਿਜਲੀ, ਬਾਇਓਫਿਊਲ, ਹਾਈਡ੍ਰੋਥਰਮਲ ਅਤੇ ਸਮੁੰਦਰ (ਪਹਿਰ ਅਤੇ ਜਵਾਰ ਭਾਟੇ ਸੰਬੰਧੀ) ਅਤੇ ਜਿਓਥਰਮਲ ਊਰਜਾ। ਇਸ ਵਿੱਚ ਪਰਮਾਣੂ ਊਰਜਾ ਜਾਂ ਜੀਵਾਸ਼ਮ ਬਾਲਣ ਸ਼ਾਮਲ ਨਹੀਂ ਹੁੰਦੇ ਹਨ।

***ਰੁਟੀਨ***

ਕਿਸੇ ਕਾਰਜ ਨੂੰ ਪੂਰਾ ਕਰਨ ਲਈ ਤਿਆਰ ਕੀਤੀਆਂ ਗਈਆਂ ਕਾਰਵਾਈਆਂ ਦਾ ਇੱਕ ਸਮੂਹ। ਜਦੋਂ ਤੱਕ ਨਿਰਧਾਰਤ ਨਹੀਂ ਕੀਤਾ ਜਾਂਦਾ, ਰੁਟੀਨ ਅਣ- ਲਿਖਤ ਹੋ ਸਕਦੇ ਹਨ।

***ਗੰਭੀਰ ਵਾਤਾਵਰਣਕ ਪ੍ਰਦੂਸ਼ਣ***

ਵਾਤਾਵਰਣਕ ਪ੍ਰਦੂਸ਼ਣ ਜੋ ਨਾ ਬਦਲਾਉਣਯੋਗ, ਲੰਬੇ ਸਮੇਂ ਦੇ ਜਾਂ ਵਿਆਪਕ ਵਾਤਾਵਰਣਕ ਵਿਘਨ ਦਾ ਕਾਰਨ ਬਣਦਾ ਹੈ ਜਾਂ ਜਿਸਦੇ ਸਾਈਟ ਤੋਂ ਵਿਆਪਕ ਤੌਰ ‘ਤੇ ਫੈਲਣ ਦੀ ਸੰਭਾਵਨਾ ਹੁੰਦੀ ਹੈ।

***ਗੰਭੀਰ ਵਿਵਸਾਇਕ ਸਿਹਤ ਅਤੇ ਸੁਰੱਖਿਆ ਦੇ ਖ਼ਤਰੇ*** ਸਿਹਤ ਅਤੇ ਸੁਰੱਖਿਆ ਦੇ ਖਤਰੇ ਜਿਨ੍ਹਾਂ ਦੁਆਰਾ ਤੁਰੰਤ ਮੌਤ, ਸਥਾਈ ਸੱਟ ਜਾਂ ਬਿਮਾਰੀ ਹੋਣ ਦਾ ਖ਼ਤਰਾ ਹੁੰਦਾ ਹੈ।

***ਉਪ-ਠੇਕੇਦਾਰ*** ਕੋਈ ਵੀ ਇਕਾਈ ਜਾਂ ਵਿਅਕਤੀ ਜੋ ਉਤਪਾਦ, ਸੇਵਾ, ਸਮੱਗਰੀ ਜਾਂ ਪੁਰਜ਼ਾ, *IKEA ਵੈਲਯੂ ਚੇਨ* ਦੇ ਹਿੱਸੇ ਵਜੋਂ।

***ਸਪਲਾਇਰ*** ਕੋਈ ਕੰਪਨੀ ਜਾਂ ਸੰਸਥਾ ਜਿਸ ਨਾਲ IKEA ਦਾ ਇੱਕ ਇਕਰਾਰਨਾਮਾ ਹੁੰਦਾ ਹੈ ਅਤੇ ਨਾਲ ਹੀ ਉਸ ਇਕਰਾਰਨਾਮੇ ਵਿੱਚ ਕੋਈ ਵੀ ਉਪ-ਠੇਕੇਦਾਰ ਜੋ ਉਤਪਾਦਾਂ, ਸੇਵਾਵਾਂ, ਸਮੱਗਰੀ ਜਾਂ ਹਿੱਸੇ ਦੀ ਸਪਲਾਈ ਕਰਦਾ ਹੈ। ਇਸ ਦਸਤਾਵੇਜ਼ ਦੇ ਉਦੇਸ਼ ਲਈ, *ਸਪਲਾਇਰ* ਸ਼ਬਦ *ਸਪਲਾਇਰਾਂ*, ਸੇਵਾ ਪ੍ਰਦਾਤਿਆਂ ਅਤੇ ਹੋਰ ਠੇਕਦਾਰ ਧਿਰਾਂ 'ਤੇ ਲਾਗੂ ਹੁੰਦਾ ਹੈ।

***ਅਸਥਾਈ ਕੰਮ*** ਸੀਮਤ ਮਿਆਦ ਦਾ ਕੰਮ। ਇਕਰਾਰਨਾਮੇ ਦਾ ਅੰਤ ਉਦੇਸ਼ ਦੀਆਂ ਸ਼ਰਤਾਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ, ਉਦਾਹਰਨ ਵਜੋਂ ਕੋਈ ਖ਼ਾਸ ਤਾਰੀਖ, ਕਿਸੇ ਖ਼ਾਸ ਕੰਮ ਪੂਰਾ ਕਰਨਾ, ਜਾਂ ਕਿਸੇ ਖ਼ਾਸ ਘਟਨਾ ਦਾ ਵਾਪਰਨਾ। *ਅਸਥਾਈ ਕੰਮ*ਜਾਂ ਤਾਂ ਫੁੱਲ-ਟਾਈਮ ਜਾਂ ਪਾਰਟ-ਟਾਈਮ ਹੋ ਸਕਦਾ ਹੈ ਅਤੇ ਇਹ ਦੁਵੱਲਾ (ਦੋ ਧਿਰਾਂ ਵਿਚਕਾਰ) ਜਾਂ ਤਿਕੋਣਾ (3 ਧਿਰਾਂ ਵਿਚਕਾਰ) ਹੋ ਸਕਦਾ ਹੈ।

***ਵੈਲਯੂ ਚੇਨ*** ਕਿਸੇ ਉਤਪਾਦ ਜਾਂ ਸੇਵਾ ਨੂੰ ਇਸ ਦੀ ਧਾਰਣਾ ਤੋਂ ਅੰਤਮ ਖਪਤਕਾਰਾਂ ਤੱਕ ਲਿਆਉਣ ਅਤੇ ਦੁਬਾਰਾ ਵੈਲਯੂ ਚੇਨ ਵਿੱਚ ਏਕੀਕਰਣ ਕਰਨ ਲਈ ਲੋੜੀਂਦੀਆਂ ਗਤੀਵਿਧੀਆਂ ਦੀ ਪੂਰੀ ਸ਼੍ਰੇਣੀ। ਇਸ ਵਿੱਚ ਡਿਜ਼ਾਈਨ, ਉਤਪਾਦਨ, ਵੰਡ ਅਤੇ ਖਪਤਕਾਰ ਨੂੰ ਸਹਾਇਤਾ ਵਰਗੀਆਂ ਗਤੀਵਿਧੀਆਂ ਸ਼ਾਮਲ ਹਨ। ਵੈਲਯੂ ਚੇਨ ਦੇ ਵੱਖ-ਵੱਖ ਪੜਾਵਾਂ 'ਤੇ, ਹਿੱਤਧਾਰਕ ਇਸ ਦੇ ਅੰਤਿਮ ਮੁੱਲ ਨੂੰ ਵਧਾਉਣ ਲਈ ਉਤਪਾਦ ਜਾਂ ਸੇਵਾ ਵਿੱਚ ਮੁੱਲ ਜੋੜਦੇ ਹਨ।

***ਵਿਵਸਾਇਕ ਸਿਖਲਾਈ*** ਇਸ ਵਿੱਚ ਸਿਖਲਾਈ ਦੀਆਂ ਸਾਰੀਆਂ ਕਿਸਮਾਂ, ਅਪ੍ਰੈਂਟਿਸਸ਼ਿਪਾਂ, ਇੰਟਰਨਸ਼ਿਪਾਂ ਅਤੇ ਕੰਮ ਦਾ ਤਜਰਬਾ ਸ਼ਾਮਲ ਹੁੰਦਾ ਹੈ ਜਿਨ੍ਹਾਂ ਦਾ ਉਦੇਸ਼ ਸਿੱਖਣਾ ਹੁੰਦਾ ਹੈ। ਵਿਵਸਾਇਕ ਸਿਖਲਾਈਸਥਾਨਕ ਸਕੂਲ ਜਾਂ ਸਿਖਲਾਈ ਸੰਸਥਾ ਦੇ ਸਹਿਯੋਗ ਨਾਲ ਕੀਤੀ ਜਾਂਦੀ ਹੈ, ਜਾਂ ਕਿਸੇ ਸਮਰੱਥ ਅਥਾਰਟੀ ਦੁਆਰਾ ਸਿਖਲਾਈ ਪ੍ਰੋਗਰਾਮ ਵਜੋਂ ਮਨਜ਼ੂਰ ਕੀਤੀ ਜਾਂਦੀ ਹੈ, ਜਾਂ ਕਿਸੇ ਕਿੱਤੇ ਜਾਂ ਸਿਖਲਾਈ ਲੜੀ ਪ੍ਰਾਪਤ ਕਰਨ ਵਾਲੇ ਸਿਖਿਆਰਥੀ ਦੀ ਚੋਣ ਵਿੱਚ ਸਹਾਇਤਾ ਕਰਨ ਲਈ ਬਣਾਏ ਗਏ ਮਾਰਗ-ਦਰਸ਼ਨ ਜਾਂ ਰੁਝਾਨ ਪ੍ਰੋਗਰਾਮ ਵਜੋਂ ਕੰਮ ਕਰਦੀ ਹੈ।

***ਕਰਮਚਾਰੀ*** ਫੁਲ-ਟਾਈਮ ਜਾਂ ਪਾਰਟ-ਟਾਈਮ ਕੰਮ ਕਰ ਰਿਹਾ ਕੋਈ ਵਿਅਕਤੀ। ਇਸ ਵਿੱਚ ਪੀਸ ਰੇਟ ਕਰਮਚਾਰੀ, *ਵਿਵਸਾਇਕ ਸਿਖਲਾਈ* ਪ੍ਰਾਪਤ ਕਰਨ ਵਾਲੇ ਅਤੇ ਪ੍ਰੋਬੇਸ਼ਨਰੀ ਮਿਆਦ ਵਿੱਚੋਂ ਲੰਘ ਰਹੇ ਕਰਮਚਾਰੀ, ਅਤੇ ਨਾਲ ਹੀ ਉਪ-ਠੇਕੇਦਾਰ *ਕਰਮਚਾਰੀ* ਸ਼ਾਮਲ ਹਨ ਜੋ ਸਾਈਟ 'ਤੇ ਪ੍ਰਤੀ ਹਫ਼ਤਾ ਅਠਾਰਾਂ (18) ਘੰਟੇ ਜਾਂ ਵੱਧ ਕੰਮ ਕਰਦੇ ਹਨ।

***ਕੰਮ ਕਰਨ ਦੇ ਸਮੇਂ*** ਉਹ ਮਿਆਦ ਜਿਸ ਵਿੱਚ ਕੋਈ *ਕਰਮਚਾਰੀ* ਕੰਮ ਕਰ ਰਿਹਾ ਹੈ। ਇਸ ਵਿੱਚ ਕੰਮ ਨਾ ਕੀਤਾ ਗਿਆ ਸਮਾਂ ਸ਼ਾਮਲ ਨਹੀਂ ਹੁੰਦਾ ਹੈ, ਭਾਵੇਂ ਇਸਦੇ ਲਈ ਭੁਗਤਾਨ ਕੀਤਾ ਗਿਆ ਹੋਵੇ, ਜਿਵੇਂ ਕਿ ਸਾਲਾਨਾ ਛੁੱਟੀ, ਭੁਗਤਾਨ ਕੀਤੀਆਂ ਜਨਤਕ ਛੁੱਟੀਆਂ, ਤਨਖਾਹ ਸਮੇਤਮ ਬਿਮਾਰੀ ਦੀ ਛੁੱਟੀ, ਭੋਜਨ ਲਈ ਬਰੇਕ, ਘਰ ਤੋਂ ਕੰਮ ਦੇ ਸਥਾਨ ਅਤੇ ਵਾਪਸ ਜਾਣ ਦੀ ਯਾਤਰਾ ਵਿੱਚ ਬਿਤਾਇਆ ਸਮਾਂ।

***ਨੌਜਵਾਨ ਕਰਮਚਾਰੀ*** 18 ਸਾਲ ਤੋਂ ਘੱਟ ਉਮਰ ਦੇ। ਪਰਕੰਮ ਕਰਨ ਦੀ ਘੱਟੋ-ਘੱਟ ਕਾਨੂੰਨੀ ਉਮਰ ਤੋਂ ਉੱਪਰ ਦੇ ਵਿਅਕਤੀ, ਜੋ ਕੰਮ ਕਰਦੇ ਹਨ।

***ਜ਼ੀਰੋ-ਘੰਟੇ ਦਾ ਇਕਰਾਰਨਾਮਾ*** ਇੱਕ ਰੁਜ਼ਗਾਰ ਇਕਰਾਰਨਾਮਾ ਜੋ ਰੁਜ਼ਗਾਰਦਾਤਾ ਨੂੰ *ਕਰਮਚਾਰੀ* ਲਈ ਨਿਯਮਿਤ ਕੰਮ ਮੁਹੱਈਆ ਕਰਨ ਲਈ ਮਜਬੂਰ ਨਹੀਂ ਕਰਦਾ, ਪਰ *ਕਰਮਚਾਰੀ* 'ਤੇ ਕੰਮ ਉਪਲਬਧ ਹੋਣ ਦੀ ਸਥਿਤੀ ਵਿੱਚ ਬੁਲਾਏ ਜਾਣ ਲਈ ਉਪਲਬਧ ਹੋਣ ਦੀ ਲੋੜ ਰੱਖਦਾ ਹੈ।



< ਸਮੱਗਰੀ 'ਤੇ ਵਾਪਸ

IWAY ਮਿਆਰ - ਸੰਸਕਰਨ 6.0 ਪ੍ਰਕਾਸ਼ਿਤ ਸਤੰਬਰ 2019 - © Inter IKEA Systems B.V. 2019